੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸਤਜੁਗ


SATJUG
1920 ਤੋਂ
ਸਾਲ 100 ਵਾਂ

੧੯ ਚੇਤਰ ਤੋਂ ੧੮ ਵਸਾਖ ੨੦੭੭ ਬ੍ਰਿ.
1 Apr. To 30Apr. 2020

Price:Rs.5/-

ਜਿਲਦ 28
ਨੰਬਰ 6–7
Total Pages 52









## ਹੋਲਾ ਮਹੱਲਾ 2020 ਵਿਸ਼ੇਸ਼ ਅੰਕ

# ਇਸ ਅੰਕ ਦੀਆਂ ਪ੍ਰਮੁੱਖ ਝਲਕੀਆਂ



ਮਾ. ਨਿਹਾਲ ਸਿੰਘ ਯਾਦਗਾਰੀ ਸਨਮਾਨ



ਮਾਤਾ ਗੁਰਸ਼ਰਨ ਕੌਰ ਜੀ ਹੋਲੇ ਮਹੱਲੇ ਸਮੇਂ



ਹੋਲੇ-ਮਹੱਲੇ ਸਮੇਂ 100 ਹਵਨ ਯੱਗ



ਗੁਰਪ੍ਰੀਤ ਸਿੰਘ ਦੁਆਰਾ ਲਾਈਵ ਪੇਂਟਿੰਗ



ਬਾਬਾ ਸੋਹਣ ਸਿੰਘ ਭਕਨਾ ਸਿਮਰਤੀ ਸਮਾਗਮ



ਮੇਲਾ ਮਾਈਸਰਖਾਨਾ

# ਸਤਿਜੁਗ

੩੨ ਸਾਉਣ ਤੋਂ ੧੪ ਭਾਦਰੋਂ ੨੦੭੬ ਬ੍ਰਿ.
16 ਤੋਂ 30 ਅਗਸਤ 2019 ਈ:
ਜਿਲਦ 27, ਵੀਰਵਾਰ ਨੰਬਰ 14



**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Editorial Board:**

*Harvendra Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ ਸ਼ੁਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ ਸ਼ੁਧ ਡਾਲਰ

***Designed and Typeset:***
***Hakam Singh***

***Vishav Namdhari Sangat, Sri Bhaini Sahib***
***Satjug@sribhainisahib.com***



**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ-- ਗੁਰਮਤਿ ਜੀਵਨ ਸ਼ੈਲੀ ਅਤੇ ਅਰੰਗਤਾ
  ਹਰਪਾਲ ਸਿੰਘ ਸੇਵਕ................................4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ..................7
* ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ....................7
* ਸਦ ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ...................8
* ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ
  ਅੱਠਵਾਂ ਹੋਲਾ-ਮਹੱਲਾ, ਸ੍ਰੀ ਭੈਣੀ ਸਾਹਿਬ
  ਹਰਪਾਲ ਸਿੰਘ ਸੇਵਕ................................10
* *A Saga Of Sri Satguru Jagjit Singh ji*
  *Dr. Sharada Jayagovind*.........................31
* ਗੁਰੂ ਅਰਜਨ ਦੇਵ: ਸਮਕਾਲੀਆਂ ਦੀ ਨਜ਼ਰ ਵਿੱਚ
  ਡਾ. ਬਲਵੰਤ ਸਿੰਘ ਢਿਲੋਂ...........................32
* ਪਰਮਹੰਸ, ਵਿਸਾਖੀ ਤੇ ਕਿਰਪਾਨ: ਪਾਰੋ ਤੇ ਸ਼ਾਹਯਾਰ ਦੇ ਪ੍ਰਸੰਗ ਵਿੱਚ
  ਪ੍ਰੋ. ਅਵਤਾਰ ਸਿੰਘ..................................37
* ਸਿੱਖ ਸਮਾਜ ਦੇ ਰਾਗੀ ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ
  ਦਵਿੰਦਰ ਸਿੰਘ ਗਿੱਲ ਜੀਆ ਨੱਥਾ..................38
* ਖ਼ਬਰਨਾਮਾ..............................................40
* ਅਰਦਾਸ (ਕਵਿਤਾ)
  ਸੂਬਾ ਨਿਰੰਜਨ ਟਮਕੌਦੀ ..........................50

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

# ਗੁਰਮਤਿ ਜੀਵਨ ਸ਼ੈਲੀ ਅਤੇ ਅਰੋਗਤਾ

ਗੁਰਮਤਿ ਫਲਸਫਾ ਅਜੇਹੀ ਸੁਚੱਜੀ ਜੀਵਨ ਜਾਚ ਹੈ ਜਿਸਨੂੰ ਅਪਨਾ ਕੇ ਹੱਸਦਾ-ਵੱਸਦਾ, ਅਰੋਗ ਸਮਾਜ ਸਿਰਜਿਆ ਜਾ ਸਕਦਾ ਹੈ। 'ਮਨ ਤਨ ਭਏ ਅਰੋਗਾ' ਅਤੇ 'ਲੋਕ ਸੁਖੀਏ ਪਰਲੋਕ ਸੁਹੇਲੇ' ਦੀ ਪ੍ਰਾਪਤੀ ਦਾ ਸਹਿਜ ਮਾਰਗ ਹੈ ਗੁਰਮਤਿ ਜੀਵਨ ਸ਼ੈਲੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫੁਰਮਾਇਆ ਕਰਦੇ ਸਨ: "ਜੇ ਬਲਦੀ ਅੱਗ ਵਿੱਚ ਬਰਫ ਦਾ ਡਲਾ ਪਿਆ ਹੋਵੇ ਤੇ ਉਹ ਪਿਘਲੇ ਨਾ, ਇਹ ਸਤਿਗੁਰੂ ਦੀ ਕਿਰਪਾ ਨਾਲ ਹੀ ਸੰਭਵ ਹੋ ਸਕਦਾ ਹੈ।"

ਸਾਲ 2020 ਦੇ ਅਰੰਭ ਤੋਂ ਸ਼ੁਰੂ ਹੋ ਕੇ ਲਗਾਤਾਰ ਵਧਦੀ ਹੀ ਜਾ ਰਹੀ ਕੋਰੋਨਾ ਵਾਇਰਸ ਦੀ ਦਹਿਸ਼ਤ ਨੇ ਮਾਰਚ ਦੇ ਅਰੰਭ ਤੱਕ ਦੁਨੀਆਂ ਦੇ ਬਹੁਤੇ ਦੇਸ਼ਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ। ਵਿਸ਼ਵ ਸਿਹਤ ਸੰਸਥਾ ਨੇ 'ਕੋਰੋਨਾ' ਨੂੰ 'ਮਹਾਂਮਾਰੀ' ਐਲਾਨ ਕਰ ਦਿੱਤਾ ਸੀ। ਇਸ ਤੋਂ ਬਿਨਾਂ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨ ਅਤੇ ਦੰਗੇ ਸਮੁੱਚੇ ਦੇਸ਼ ਲਈ ਚਿੰਤਾ ਦਾ ਵਿਸ਼ਾ ਬਣੇ ਹੋਏ ਸਨ। ਅਜੇਹੇ ਅਸਥਿਰਤਾ ਭਰੇ ਮਹੌਲ ਵਿੱਚ 9 ਤੋਂ 13 ਮਾਰਚ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਹੋਲੇ ਮਹੱਲੇ ਦਾ ਵੱਡਾ ਮੇਲਾ, ਚੁਫੇਰੇ ਬਲਦੀ ਅੱਗ ਵਰਗੇ ਵਾਤਾਵਰਨ ਵਿੱਚ ਅਮਨ ਸਹਿਤ ਅਤੇ ਸੁੱਖੀ-ਸਾਂਦੀ ਸੰਪੰਨ ਹੋਣਾ-ਸਤਿਗੁਰੂ-ਸੱਚੇ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਸਦਕਾ ਹੀ ਸੰਭਵ ਹੋ ਸੱਕਿਆ ਹੈ।

ਹੋਲੇ ਮਹੱਲੇ ਸਮੇਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਾ ਇਕੱਠ, ਜਿਨ੍ਹਾਂ ਵਿੱਚ ਇੰਗਲੈਂਡ, ਅਮਰੀਕਾ, ਕੈਨੇਡਾ, ਅਫਰੀਕਾ, ਥਾਈਲੈਂਡ ਆਦਿ ਦੇਸ਼ਾਂ ਤੋਂ ਵੀ ਸੰਗਤਾਂ ਸ਼ਾਮਲ ਹੋਈਆਂ। ਏਨੇ ਵੱਡੇ ਇਕੱਠ ਵਿੱਚ ਕਿਸੇ ਤਰ੍ਹਾਂ ਦੀ, ਕੋਰੋਨਾ ਵਾਇਰਸ ਕਰਕੇ ਜਾਂ ਕਿਸੇ ਹੋਰ ਸਰੀਰਕ ਬਿਮਾਰੀ ਕਰਕੇ, ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਈ। ਕਿਸੇ ਤਰ੍ਹਾਂ ਦੀ ਕੋਈ ਦਿੱਕਤ ਇਸ ਕਰਕੇ ਵੀ ਨਹੀਂ ਆਈ ਕਿ ਨਾਮਧਾਰੀ ਮੇਲੇ ਪੂਰੀ ਤਰ੍ਹਾਂ ਅਧਿਆਤਮਕ ਅਤੇ ਸਾਤਵਿਕ ਹੁੰਦੇ ਹਨ। 'ਸਰਬ ਰੋਗ ਕਾ ਅਉਖਦੁ ਨਾਮੁ' ਅਤੇ 'ਧੁਰ ਕੀ ਬਾਣੀ' ਦਾ ਅਖੰਡ ਪ੍ਰਵਾਹ ਚਲਦਾ ਹੈ। ਤੰਤੀ ਸਾਜਾਂ ਨਾਲ ਨਿਰਬਾਣ ਕੀਰਤਨ ਹੁੰਦਾ ਹੈ। ਸੁੱਚ ਮਰਿਯਾਦਾ ਨਾਲ ਸਾਤਵਿਕ ਲੰਗਰ ਬਣਦਾ ਹੈ। ਜਿਹੜੀ ਖਾਧ-ਖੁਰਾਕ ਸਾਡੀ ਅਮਿਊਨ ਪਾਵਰ (ਰੋਗ-ਪ੍ਰਤੀਰੋਧਕ ਸ਼ਕਤੀ) ਘਟਾਉਂਦੀ ਹੈ, ਚਾਹ, ਕਾਫੀ, ਕੋਲਡ ਡਰਿੰਕਸ ਜਾਂ ਕਿਸੇ ਵੀ ਕਿਸਮ ਦੇ ਨਸ਼ੇ ਆਦਿ ਨੂੰ ਨਾਮਧਾਰੀ ਸਿੱਖ ਛੂੰਹਦੇ ਤੱਕ ਨਹੀਂ। ਸੰਤੁਲਿਤ ਅਤੇ ਰੋਗ ਮੁਕਤ ਕਰਨ ਵਾਲੇ ਪਦਾਰਥ ਨਾਮਧਾਰੀ-ਸਿੱਖਾਂ ਦੇ ਭੋਜਨ ਦਾ ਹਿੱਸਾ ਹਨ-ਜਿਵੇਂ ਕੋਲਡ ਡਰਿੰਕਸ ਦੀ ਜਗ੍ਹਾ- ਬਦਾਮ, ਮਗਜ਼, ਖਸਖਸ, ਕਾਲੀ ਮਿਰਚ ਅਤੇ ਛੋਟੀ ਲੈਚੀ ਦੀ ਬਣੀ ਸ਼ਰਦਾਈ (ਠੰਡਿਆਈ)। ਕੈਫੀਨ ਅਤੇ ਨਿਕੋਟੀਨ

ਆਦਿ ਜ਼ਹਿਰੀਲੇ ਤੱਤਾਂ ਨਾਲ ਭਰਪੂਰ ਚਾਹ ਅਤੇ ਕਾਫੀ ਦੀ ਜਗ੍ਹਾ ਨਾਮਧਾਰੀ ਚਾਹਟਾ (ਚਾਹ+ਹਟਾ) ਪੀਂਦੇ ਹਨ ਜਿਸ ਵਿੱਚ ਕ੍ਰੀਬ 20-22 ਜੜ੍ਹੀਆਂ ਬੂਟੀਆਂ ਹੁੰਦੀਆਂ ਹਨ ਜੋ ਖੰਘ-ਜੁਕਾਮ ਆਦਿ ਤੋਂ ਬਚਾਉਂਦੀਆਂ ਹਨ, ਪਾਚਨ ਤੰਤਰ ਠੀਕ ਰੱਖਦੀਆਂ ਅਤੇ ਰੋਗ-ਪ੍ਰਤੀਰੋਧਕ ਸ਼ਕਤੀ ਵਧਾਉਂਦੀਆਂ ਹਨ। - ਸਮੁੱਚਾ ਨਾਮਧਾਰੀ ਸਮਾਜ ਪੂਰੀ ਤਰ੍ਹਾਂ ਸ਼ਾਕਾਹਾਰੀ ਹੋਣ ਕਰਕੇ ਉਨ੍ਹਾਂ ਸਾਰੀਆਂ ਬਿਮਾਰੀਆਂ ਤੋਂ ਬਚਿਆ ਹੈ ਜੋ ਪਸ਼ੂਆਂ-ਪੰਛੀਆਂ ਦੀਆਂ ਬਿਮਾਰੀਆਂ ਮਾਸਾਹਾਰ ਰਾਹੀਂ ਮਨੁੱਖੀ ਸਰੀਰ ਵਿੱਚ-ਪ੍ਰਵੇਸ਼ ਕਰਦੀਆਂ ਹਨ।

ਅਲਟਰਨੇਟਿਵ ਪੈਥੀਜ਼ ਵਿੱਚ ਇਲਾਜ ਕਰਨ ਦਾ ਇਕ ਢੰਗ ਹੈ- ਅਰੋਮਾ ਥੈਰੇਪੀ। ਅਰੋਮਾ-ਥੈਰੇਪੀ ਦੀ ਥਿਊਰੀ ਅਨੁਸਾਰ ਚੁਫੇਰੇ ਵਿੱਚੋਂ ਸਾਹ ਰਾਹੀਂ ਸਾਡੇ ਸਰੀਰ ਵਿੱਚ ਪ੍ਰਵੇਸ਼ ਕਰਦੀ ਬਦਬੂ, ਅਤੇ ਗਲਤ ਖੁਰਾਕ ਕਾਰਨ ਮਲ ਵਿਸਰਜਨ ਠੀਕ ਨਾ ਹੋਣ ਕਰਕੇ ਸਰੀਰ ਵਿੱਚ ਪੈਦਾ ਹੋਈ ਬਦਬੂ ਕਾਰਣ ਕਈ ਕਿਸਮ ਦੇ ਰੋਗ ਪੈਦਾ ਹੁੰਦੇ ਹਨ। ਜਿਵੇਂ ਗੰਦਗੀ ਵਾਲੀ ਜਗ੍ਹਾ ਤੇ ਕਈ ਕਿਸਮ ਦੇ ਕੀਟਾਣੂ ਪੈਦਾ ਹੋ ਜਾਂਦੇ ਹਨ। ਇਸ ਲਈ ਅਰੋਮਾ ਥੈਰੇਪੀ ਅਨੁਸਾਰ ਰੋਗ ਨਿਵਾਰਨ ਲਈ ਸਰੀਰ ਅਤੇ ਵਾਤਾਵਰਣ ਵਿੱਚ ਬੁਦਬੂ ਦੀ ਜਗ੍ਹਾ ਜੜ੍ਹੀਆਂ, ਬੂਟੀਆਂ ਅਤੇ ਕੁਦਰਤੀ ਤੇਲਾਂ ਦੁਆਰਾ ਖੁਸ਼ਬੂ ਪੈਦਾ ਕੀਤੀ ਜਾਂਦੀ ਹੈ। ਕਿਤੇ ਵੀ ਗੰਦਗੀ ਦੇ ਢੇਰ ਤੇ ਸ਼ਹਿਦ ਵਾਲੀਆਂ ਮੱਖੀਆਂ ਨਹੀਂ ਬੈਠਦੀਆਂ ਅਤੇ ਫੁੱਲਾਂ ਤੇ ਮੱਛਰ ਅਤੇ ਗੰਦਗੀ ਦੀਆਂ ਮੱਖੀਆਂ ਨਹੀਂ ਇਕੱਤ੍ਰ ਹੁੰਦੀਆਂ। ਫੁੱਲਾਂ ਤੇ, ਸ਼ਹਿਦ ਪੈਦਾ ਕਰਨ ਵਾਲੀਆਂ ਮੱਖੀਆਂ ਹੀ ਬੈਠਦੀਆਂ ਹਨ ਜੋ ਸ਼ਹਿਦ ਪੈਦਾ ਕਰਦੀਆਂ ਹਨ।- ਮੁਰਗੀ ਖਾਨਿਆਂ, ਹੱਡੋ ਰੋੜਿਆਂ ਜਾਂ ਮਾਸ ਦੀ ਮਾਰਕੀਟ ਦਾ ਚੌਫੇਰਾ ਦੂਰ ਦੂਰ ਤੱਕ ਦੁਰਗੰਧ ਨਾਲ ਭਰਪੂਰ ਹੁੰਦਾ ਹੈ। ਇਹੋ ਦੁਰਗੰਧ ਹੀ ਵਾਤਾਵਰਣ ਵਿੱਚ ਅਨੇਕਾਂ ਬਿਮਾਰੀਆਂ ਦੇ ਬੈਕਟੀਰੀਆ ਅਤੇ ਵਾਇਰਸ ਪੈਦਾ ਹੋਣ ਦਾ ਕਾਰਣ ਬਣਦੀ ਹੈ। ਇਸ ਤੋਂ ਉਲਟ ਨਾਮਧਾਰੀ ਚਾਹਟਾ ਜਦੋਂ ਪਾਣੀ ਵਿੱਚ ਰਿੱਝ ਰਿਹਾ ਹੁੰਦਾ ਹੈ ਤਾਂ ਉਸ ਵਿੱਚ ਪਈਆਂ ਜੜ੍ਹੀਆਂ ਬੂਟੀਆਂ ਛੋਟੀ ਲੈਚੀ, ਲੌਂਗ, ਦਾਲਚੀਨੀ, ਗਲਿਬ ਆਦਿ ਦੀ ਖੁਸ਼ਬੂ ਨਾਲ ਪੂਰਾ ਘਰ ਸੁਗੰਧਿਤ ਹੋ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਦੀ ਬਖਸ਼ੀ ਅੰਮ੍ਰਿਤ ਦੇਗ, ਕੜਾਹ ਪ੍ਰਸ਼ਾਦ ਦੀ ਖੁਸ਼ਬੂ ਦੂਰ ਦੂਰ ਤੱਕ ਵਾਤਾਵਰਣ ਨੂੰ ਸੁਗੰਧਿਤ ਕਰ ਦੇਂਦੀ ਹੈ। ਕੜਾਹ ਪ੍ਰਸ਼ਾਦ ਵਿੱਚ ਤਿੰਨ ਪਦਾਰਥ, ਘਿਉ, ਖੰਡ ਅਤੇ ਆਟਾ ਪੈਂਦਾ ਹੈ। ਇਹ ਸੁਗੰਧਿਤ, ਸਾਤਵਿਕ ਅਤੇ ਸ਼ਕਤੀਵਰਧਕ ਪਦਾਰਥ ਹੋਣ ਕਰਕੇ ਸਤਯਮ, ਸ਼ਿਵਮ, ਸੁੰਦਰਮ ਦਾ ਪ੍ਰਤੀਕ ਹੈ। ਨਾਮ ਜੱਪਦਿਆਂ ਸੁੱਚ ਮਰਿਯਾਦਾ ਨਾਲ ਬਣਿਆ ਅਤੇ ਅਰਦਾਸ ਕਰਕੇ ਸਤਿਗੁਰੂ- ਅਕਾਲ ਪੁਰਖ ਨੂੰ ਭੋਗ ਲੱਗਿਆ ਪਦਾਰਥ- ਕੜਾਹ ਪ੍ਰਸ਼ਾਦ ਸਾਡੇ ਮਨ ਅਤੇ ਤਨ ਦੇ ਅਨੇਕਾਂ ਰੋਗ ਦੂਰ ਕਰ ਦੈਂਦਾ ਹੈ।

ਨਾਮਧਾਰੀ ਸਮਾਜ ਵਿੱਚ ਪ੍ਰਚਲਤ ਹਵਨ ਯੱਗ ਗੁਰਮਤਿ ਅਧਾਰਤ ਹੀ ਹੈ। ਗੁਰੂ ਰਾਮਦਾਸ ਜੀ ਦਾ ਫੁਰਮਾਣ ਹੈ: "ਤਿਤਿ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜ ਸੋਹੈ" ਹਵਨ ਦੇ ਇਸ ਪਹਿਲੂ ਨੂੰ ਵਿਗਿਆਨ ਵੀ ਮੰਨਦਾ ਹੈ ਕਿ ਘਿਉ ਵਿੱਚ ਰਲੀਆਂ ਸੁਗੰਧਿਤ ਜੜੀਆਂ ਬੂਟੀਆਂ ਨੂੰ ਮਘਦੇ ਕੋਲਿਆਂ ਜਾਂ ਅਗਨੀ ਵਿੱਚ ਪਾਉਣ ਨਾਲ ਜੋ ਸੁਗੰਧਿਤ ਧੂੰਆਂ ਪੈਦਾ ਹੁੰਦਾ ਹੈ ਉਸ ਨਾਲ ਵਾਤਾਵਰਣ ਦੀ ਸ਼ੁੱਧੀ ਹੁੰਦੀ ਹੈ, ਅਨੇਕ ਕਿਸਮ ਦੇ ਬੈਕਟੀਰੀਆਂ ਅਤੇ ਵਾਇਰਸ ਖਤਮ ਹੋ ਜਾਂਦੇ ਹਨ। ਇਸੇ ਲਈ ਹੋਲੇ ਮਹੱਲੇ ਦੇ ਦੂਸਰੇ ਦਿਨ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵੀਹ ਜਥਿਆਂ ਵਲੋਂ 100 ਹਵਨ ਕਰਕੇ ਰੋਗਾਂ ਤੋਂ ਰੱਖਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਨਾਮਧਾਰੀ ਸਿੱਖ ਹਵਨ ਯੱਗ ਕਰਦਿਆਂ ਵੇਦ ਮੰਤਰਾਂ ਦੀ ਜਗ੍ਹਾ ਆਦਿ ਅਤੇ ਦਸਮ ਗੁਰਬਾਣੀ ਚੋਂ, ਸੱਤ ਬਾਣੀਆਂ ਦੇ ਪਾਠ ਕਰਦੇ ਹਨ।

ਅੱਜ ਦੇ ਸਮੇਂ ਵਿੱਚ ਸਮਾਜਿਕ ਉਲਝਣਾ, ਲੜਾਈਆਂ-ਝਗੜੇ, ਮਾਨਸਿਕ ਅਸ਼ਾਂਤੀ ਅਤੇ ਸਰੀਰਕ ਰੋਗਾਂ ਦਾ ਮੁੱਖ ਕਾਰਣ ਸਾਡੀ ਗੈਰ-ਕੁਦਰਤੀ ਜੀਵਨ ਸ਼ੈਲੀ ਅਤੇ ਗਲਤ ਭੋਜਨ ਹੀ ਹੈ-ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ-

"ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ "

ਸਮੁੱਚੀ ਮਾਨਵਤਾ ਦੀਆਂ ਖੁਸ਼ੀਆਂ ਅਲੋਪ ਹੋਣ ਅਤੇ ਦੁੱਖਾਂ-ਰੋਗਾਂ ਵਿੱਚ ਗ੍ਰਸਤ ਹੋਣ ਦਾ ਕਾਰਣ ਮਨ ਦੇ ਵਿਕਾਰ ਅਤੇ ਤਨ ਦੇ ਰੋਗ ਹੀ ਹਨ। ਗੁਰਮਤਿ ਅਨੁਸਾਰ ਸਿੱਖ ਖਾਣ, ਪੀਣ, ਪਹਿਨਣ ਆਦਿ ਜੀਵਨ ਦੇ ਕਿਸੇ ਵੀ ਪਹਿਲੂ ਤੇ ਸੁਤੰਤਰ ਨਹੀਂ ਸਗੋਂ ਗੁਰੂ ਦੀ ਦੱਸੀ ਰਹਿਤ ਮਰਿਯਾਦਾ ਅਤੇ ਜੀਵਨ-ਜਾਚ ਦੇ ਦਾਇਰੇ ਵਿੱਚ ਰਹਿਣ ਲਈ ਪਾਬੰਦ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਹੁਕਮਨਾਮੇਂ ਵਿੱਚ ਲਿਖਿਆ ਹੈ- 'ਜਿਤਨੇ ਸੁਖ ਹੈਨ ਸੋ ਗੁਰਮਤਿ ਮੇਂ ਹੈਨ ਜਿਤਨੇ ਦੁਖ ਹੈਨ ਤੋ ਮਨਮਤਿ ਮੇਂ ਹੈਨ' - ਗੁਰਵਾਕ ਵੀ ਹੈ "ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ "

ਨਾਮਧਾਰੀ ਸਿੱਖਾਂ ਵਿੱਚ ਪ੍ਰਚਲਤ ਰਹਿਤ- ਮਰਿਯਾਦਾ ਅਤੇ ਜੀਵਨ-ਜਾਚ ਸਾਹਿਬ ਕਲਗੀਧਰ ਪਾਤਸ਼ਾਹ ਦੁਆਰਾ

ਦ੍ਰਿੜਾਈ ਰਹਿਤ-ਬਹਿਤ ਹੀ ਹੈ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਕ੍ਰੀਬ 1958-59 ਈ: ਵਿੱਚ ਭਾਈ ਰਾਇ ਸਿੰਘ ਜੀ ਨੂੰ ਭੇਜ ਕੇ ਹਜ਼ੂਰ ਸਾਹਿਬ ਤੋਂ ਮੰਗਵਾਈ ਅਤੇ ਨਾਮਧਾਰੀ ਸਿੱਖਾਂ ਵਿੱਚ ਪ੍ਰਚਲਤ ਕੀਤੀ। ਅੰਮ੍ਰਿਤ ਵੇਲੇ ਉੱਠਣਾ, ਸਣੇ ਕੇਸੀ ਇਸ਼ਨਾਨ ਕਰਨਾ, ਨਾਮ ਜਪਣਾ, ਗੁਰਬਾਣੀ ਪੜਨੀ, ਕੀਰਤਨ ਕਰਨਾ, ਸਾਫ-ਸਵੱਛ ਰਹਿਣਾ, ਬਜ਼ਾਰ ਦਾ ਨਾ ਖਾਣਾ, ਸ਼ੁੱਧ ਸ਼ਾਕਾਹਾਰੀ ਅਤੇ ਸਾਤਵਿਕ ਭੋਜਨ ਗ੍ਰਹਿਣ ਕਰਨਾ ਅਤੇ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਪ੍ਰਹੇਜ਼ ਰੱਖਣਾ ਆਦਿ ਗੁਰਮਤਿ ਜੀਵਨ ਜਾਚ ਹੀ ਨਾਮਧਾਰੀ ਸਮਾਜ ਦੇ ਖੁਸ਼ਹਾਲ, ਅਰੋਗ ਅਤੇ ਸੁਖੀ ਜੀਵਨ ਦਾ ਰਾਜ ਹੈ। ਨਾਮਧਾਰੀ ਸਿੱਖ ਰੋਜ਼ਾਨਾ ਦੀ ਅਰਦਾਸ ਵਿੱਚ ਅਕਾਲ ਪੁਰਖ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਨ:

"ਹੇ ਸੱਚੇ ਪਾਤਸ਼ਾਹ ਜੋ ਆਪਨੇ ਸਰਗੁਣ ਸਰੂਪ ਧਾਰਕੇ ਗੁਰਬਾਣੀ ਵਿੱਚ ਹੁਕਮ ਦਿੱਤੇ ਹਨ ਉਹ ਸਾਨੂੰ ਸਦਾ ਹੀ ਮਨਾਉ। ਗੁਰਮਤਿ ਦਾ ਖੈਰ ਪਾਉ। ਕੋਈ ਦੁਖੀਆ ਨਾ ਰਹੇ। ਸਭ ਜੀਵ ਜੰਤਾਂ ਅਤੇ ਮਨੁੱਖਾਂ ਦੀ ਬੰਦ ਖਲਾਸੀ ਹੋਵੇ। ਕੋਈ ਸੀਖਾਂ ਵਿੱਚ ਕੈਦ ਨਾ ਰਹੇ। ਗਊ ਗਰੀਬ ਦੀ ਰੱਖਿਆ ਹੋਵੇ। ਕੋਈ ਨੰਗਾ, ਭੁੱਖਾ, ਅਰਥੀਆ ਨਾ ਰਹੇ।"

ਇਸੇ ਗੁਰਮਤਿ ਮਾਰਗ ਤੇ ਚੱਲਕੇ ਹੀ ਲੋਕਾਈ ਦੀ ਦੁੱਖਾਂ-ਕਲੇਸ਼ਾਂ ਅਤੇ ਰੋਗਾਂ ਤੋਂ ਮੁਕਤੀ ਹੋ ਸਕਦੀ ਹੈ ਅਤੇ ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ ਪੂਰੇ ਹੋ ਸਕਦੇ ਹਨ।-

"ਸਭੈ ਸਿਸਟਿ ਪਰਜਾ ਸੁਖੀ ਹੋਇ ਬਿਰਾਜੈ॥ ਮਿਟੈ ਦੂਖ ਸੰਤਾਪ ਆਨੰਦ ਗਾਜੈ॥"

## ਵਿਛੜੀਆਂ ਸਤਿਕਾਰਤ ਹਸਤੀਆਂ ਨੂੰ ਸ਼ਰਧਾਂਜਲੀ


**ਨੋਟ:-** ਪਿਛਲੇ ਦਿਨੀਂ ਸਿੱਖ ਸਮਾਜ ਦੇ ਮਹਾਨ ਕੀਰਤਨੀਏ ਭਾਈ ਨਿਰਮਲ ਸਿੰਘ ਜੀ ਖਾਲਸਾ ਕਰੋਨਾ ਪਾਜ਼ਿਟਿਵ ਕਾਰਣ ਪ੍ਰਲੋਕ ਸਿਧਾਰ ਗਏ। ਨਾਮਧਾਰੀ ਦਰਬਾਰ ਉਨ੍ਹਾਂ ਦੇ ਚਲਾਣੇ ਦਾ ਦੁੱਖ ਪ੍ਰਗਟ ਕਰਦਾ ਹੈ ਅਤੇ ਅਰਦਾਸ ਕਰਦਾ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਉਨ੍ਹਾਂ ਦੀ ਜੀਵ ਆਤਮਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

## ਪੰਜਾਬੀ ਦੇ ਪ੍ਰਸਿਧ ਲੇਖਕ ਸ੍ਰੀ ਸੁਖਦੇਵ ਮਾਦਪੁਰੀ ਜੀ ਸਵਰਗਵਾਸ

ਪੰਜਾਬੀ ਦੇ ਹਰਮਨ ਪਿਆਰੇ ਤੇ ਭਾਸ਼ਾ ਵਿਭਾਗ ਪੰਜਾਬ ਸਮੇਤ ਕਈ ਪੁਰਸਕਾਰਾਂ ਦੇ ਜੇਤੂ ਲੇਖਕ ਸੁਖਦੇਵ ਮਾਦਪੁਰੀ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਲੋਕ ਗੀਤ, ਲੋਕ ਬੁਝਾਰਤਾਂ, ਲੋਕ ਕਹਾਣੀਆਂ, ਜੀਵਨੀ, ਨਾਟਕ, ਬਾਲ ਸਾਹਿਤ ਤੇ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ 30 ਤੋਂ ਵੱਧ ਪੁਸਤਕਾਂ ਲਿਖੀਆਂ ਸਨ। 'ਪੰਜਾਬ ਬੁਝਾਰਤਾਂ' ਪੁਸਤਕ ਲਈ ਉਨ੍ਹਾਂ ਨੂੰ 1979 'ਚ ਭਾਸ਼ਾ ਵਿਭਾਗ ਪੰਜਾਬ ਵਲੋਂ ਪੁਰਸਕਾਰ ਮਿਲਿਆ ਸੀ, ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਬਾਲ ਸਾਹਿਤ ਪੁਰਸਕਾਰ (1995), ਪੰਜਾਬ ਸੱਥ ਲਾਂਬੜਾ ਵਲੋਂ (1995), ਪੰਜਾਬੀ ਲਿਖਾਰੀ ਸਭਾ ਰਾਮਪੁਰ ਵਲੋਂ, ਸੁਰਜੀਤ ਰਾਮਪੁਰੀ ਪੁਰਸਕਾਰ (2003), ਏ.ਐੱਸ. ਕਾਲਜ ਖੰਨਾ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੋਂ ਇਲਾਵਾ ਅਨੇਕਾਂ ਇਨਾਮ ਸਨਮਾਨ ਮਿਲ ਚੁੱਕੇ ਸਨ। ਉਹ ਬਾਲ ਰਸਾਲੇ ਪੰਖੜੀਆਂ ਤੇ ਪ੍ਰਾਇਮਰੀ ਸਿੱਖਿਆ ਦੇ ਸੰਪਾਦਕ ਰਹੇ ਸਨ। ਉਨ੍ਹਾਂ ਦਾ ਜਨਮ 12 ਜੂਨ 1935 ਨੂੰ ਪਿੰਡ ਮਾਦਪੁਰ, ਜ਼ਿਲ੍ਹਾ ਲੁਧਿਆਣਾ 'ਚ ਬੇਬੇ ਸੁਰਜੀਤ ਕੌਰ ਤੇ ਪਿਤਾ ਦਿਆ ਸਿੰਘ ਦੇ ਘਰ ਹੋਇਆ। ਅੱਜ ਕੱਲ੍ਹ ਉਹ ਸਮਾਧੀ ਰੋਡ ਖੰਨਾ ਵਿਖੇ ਰਹਿ ਰਹੇ ਸਨ।

ਸ੍ਰੀ ਸੁਖਦੇਵ ਮਾਦਪੁਰੀ ਜੀ ਦੀ ਨਾਮਧਾਰੀ ਸਮਾਜ ਨਾਲ ਬੜੀ ਅਪਣੱਤ ਭਰੀ ਸਾਂਝ ਸੀ। ਆਪ ਬੜੇ ਮਾਣ ਨਾਲ ਕਿਹਾ ਕਰਦੇ ਸਨ ਕਿ ਸਤਿਗੁਰੂ ਹਰੀ ਸਿੰਘ ਜੀ ਦੇ (ਪਹਿਲੇ) ਮਹਿਲ- ਮਾਤਾ ਸਾਹਬੋ ਜੀ ਸਾਡੇ ਪਿੰਡ ਦੇ ਸਨ। ਸਤਿਗੁਰੂ ਹਰੀ ਸਿੰਘ ਜੀ ਨੇ ਵੀ ਸਾਡੇ ਪਿੰਡ ਕਈ ਵੇਰ ਚਰਨ ਪਾਏ। ਵਿਦਿਆਰਥੀਆਂ ਲਈ ਆਪ ਦੀ ਲਿਖੀ ਪੁਸਤਕ- 'ਮਹਾਨ ਸੁਤੰਤਰਤਾ ਸੰਗਰਾਮੀ: ਸਤਿਗੁਰੂ ਰਾਮ ਸਿੰਘ- ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 1995 ਵਿੱਚ ਪ੍ਰਕਾਸ਼ਿਤ ਹੋਈ। ਹਜ਼ਾਰਾਂ ਦੀ ਗਿਣਤੀ ਵਿੱਚ ਇਸ ਪੁਸਤਕ ਦੀਆਂ ਦੋ ਹੋਰ ਐਡੀਸ਼ਨਾਂ 2011 ਅਤੇ 2015 ਵਿੱਚ ਵੀ ਸਰਕਾਰ ਵਲੋਂ ਛਪਵਾਈਆਂ ਗਈਆਂ। ਆਪ, ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਸਨੇਹ ਦੇ ਪਾਤਰ ਸਨ ਅਤੇ ਅਕਸਰ ਸ੍ਰੀ ਭੈਣੀ ਸਾਹਿਬ ਆਇਆ ਕਰਦੇ ਸਨ। ਅਦਾਰਾ ਸਤਿਜੁਗ ਸ੍ਰੀ ਸੁਖਦੇਵ ਮਾਦਪੁਰੀ ਜੀ ਦੇ ਅਕਾਲ ਚਲਾਣੇ ਤੇ ਪ੍ਰਵਾਰ ਨਾਲ ਦੁੱਖ ਸਾਂਝਾ ਕਰਦਾ ਹੈ। ਸਤਿਗੁਰੂ ਕਿਰਪਾ ਕਰਨ- ਆਪ ਦੀ ਜੀਵ ਆਤਮਾਂ ਨੂੰ ਸੱਚ-ਖੰਡ ਚਰਨ ਕਵਲਾਂ 'ਚ ਨਿਵਾਸ ਬਖਸ਼ਣ।

**- ਹਰਪਾਲ ਸਿੰਘ ਸੇਵਕ,**
**ਸੰਪ: 94176-01321**



## ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਭਾਈ ਬਘੇਲ ਸਿੰਘ ਤੂ ਬੀ ਬਾਣੀ ਕੰਠ ਕਰੀ ਆਪ, ਹੋਰੁ ਆਪ ਸਰਬੰਧੀਆ ਨੂ ਬੀ ਕੰਠ ਕਰਨ ਨੂ ਆਖੀ। ਅਰੁ ਭਾਈ ਪਿਛਾ ਰਾਤ ਨੂ ਕੋਈ ਬੀ ਨਾ ਸੌ ਰਹੇ। ਗ੍ਰੰਥ ਸਾਹਿਬ ਮੈ ਲਿਖਾ ਹੈ 'ਫਰੀਦਾ ਪਿਛਲ ਰਾਤਿ ਨਾ ਜਾਗਿਓਹਿ ਜੀਵਦੜੋ ਮੁਇਓਹਿ।' ਸਭਨੇ ਬਾਣੀ ਪੜਨੀ ਅਰੁ ਭਜਨੁ ਬੀ ਕਰਨਾ ਜਿਤਨਾ ਪੁਜ ਆਵੇ। ਬਾਣੀ ਪੜਕੇ ਸਭ ਨੇ ਹਰਿਦਾਸ ਕਰਨੀ, ਗੁਰੂ ਸਾਹਿਬ ਪਾਸੋ ਸਿਦਕ ਦਾ ਦਾਨੁ ਮੰਗਣਾ। ਗੁਰੂ ਸਭਨਾ ਬਥੂ ਦਾ ਦਾਤਾ ਹੈ।

## ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

### ਗੁਰਬਾਣੀ ਸ਼ੁੱਧ ਉਚਾਰਨ ਬਾਰੇ


ਜਿਹੜੇ ਪਾਠ ਕਰਦੇ ਨੇ, ਗੁਰਬਾਣੀ ਪੜ੍ਹਦੇ ਨੇ ਉਹ ਧਿਆਨ ਦੇਣ, ਸ਼ੁੱਧ ਉਚਾਰਨ ਹੋਵੇ, ਲਗਾਂ ਮਾਤਰਾਂ ਜਿੰਨੀਆਂ ਨੇ ਉਨ੍ਹਾਂ ਦਾ ਕੋਈ ਭਾਵ ਹੈ। ਤੁਸੀਂ ਗੁਟਕਾ ਫੜਕੇ ਬੈਠ ਜਾਉ, ਵੇਖੋ ਅਸੀਂ ਕਿੰਨੀਆਂ ਗਲਤੀਆਂ ਕਰਦੇ ਹਾਂ, ਆਸਾ ਦੀ ਵਾਰ ਦਾ ਕੀਰਤਨ ਕਰਨ ਵਾਲੇ 'ਦਿੜ੍ਹਾਵੈ' ਦੀ ਥਾਂ 'ਦ੍ਰਿੜਾਵੇ' ਆਖਦੇ ਹਨ। ਜਿੰਨੀਆਂ 'ਦੁਲਾਵਾਂ, ਹਨ ਉਨ੍ਹਾਂ ਨੂੰ 'ਲਾਵਾਂ, ਲਾ ਕੇ ਬੋਲਦੇ ਹਨ। ਇਕ ਵਾਰ ਦੱਸਿਆਂ ਦੂਜੀ ਵਾਰ ਫਿਰ ਉਹੋ ਗਲਤੀ ਕਰਦੇ ਹਨ। ਇਹ ਸਾਰਾ ਕੁਝ ਬਚਪਨ ਤੋਂ ਸ਼ੁਰੂ ਕੀਤਾ ਜਾਵੇ। ਆਪਣੀ ਹਾਕੀ ਟੀਮ ਦੇ ਕੁਝ ਬੱਚਿਆਂ ਨੇ ਗੁਰਬਾਣੀ ਦੇ ਸ਼ੁੱਧ ਕੰਠ ਮੁਕਾਬਲੇ ਵਿੱਚ ਇਨਾਮ ਲਏ ਸਨ। ਹਾਕੀ ਵਾਲੇ ਹੋਣ, ਅਥਲੈਟਿਕਸ ਵਾਲੇ ਹੋਣ, ਕੋਈ ਕੰਮ ਕਰਨ ਵਾਲੇ ਹੋਣ ਉਹ ਵਧੀਆ ਸਿੱਖ ਵੀ ਹੋਣ। ਉਨ੍ਹਾਂ ਵਿੱਚ ਇਹ ਗੁਣ ਹੋਣ ਕਿ ਉਹ ਪੂਰੀ ਦੀ ਪੂਰੀ ਟੀਮ ਭਜਨ ਬਾਣੀ ਕਰੇ, ਆਸਾ ਦੀ ਵਾਰ ਲਾ ਸੱਕੇ, ਦੀਵਾਨ ਲਾ ਸੱਕੇ, ਕਿਸੇ ਤੇ ਪ੍ਰਭਾਵ ਪਾ ਕੇ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵੱਲ ਲਾ ਸੱਕੇ। ਉਨ੍ਹਾਂ ਨੂੰ ਭਜਨ ਦੱਸ ਕੇ, ਗੁਰਮਤਿ ਵੱਲ ਲਾਉਣ ਤਾਂ ਕਿ ਉਨ੍ਹਾਂ ਦਾ ਜੀਵਨ ਸਫਲਾ ਹੋਵੇ। ਇਹ ਸਾਰਾ ਕੁਝ ਹੁੰਦਿਆਂ ਅਖੰਡ ਪਾਠੀ ਹੋਣਾ ਬਹੁਤ ਜ਼ਰੂਰੀ ਹੈ ਸਿਰਫ ਆਦਿ ਗ੍ਰੰਥ ਸਾਹਿਬ ਦੇ ਹੀ ਨਹੀਂ, ਦਸਮ ਗ੍ਰੰਥ ਦੇ ਪਾਠੀ ਹੋਣਾ ਵੀ ਬਹੁਤ ਜ਼ਰੂਰੀ ਹੈ। ਇਕ ਇਕ ਘੰਟਾ ਰੋਜ਼ਾਨਾ ਨਾਮ ਸਿਮਰਨ ਕਰਨ ਵਾਲੇ ਹੋਣ, ਇਹ ਵਿਦਿਅਕ ਜਥੇ ਵਾਲੇ ਨੌਜੁਆਨ ਆਪਣੇ ਘਰਾਂ ਵਿੱਚ ਇਕ ਪਾਠ ਮਹੀਨੇ ਦਾ ਜ਼ਰੂਰ ਕਰਨ।

# ਸਦ ਉਪਦੇਸ਼

## ਸ੍ਰੀ ਸਤਿਗੁਰੂ ਉਦੇ ਸਿੰਘ ਜੀ

13 ਮਾਰਚ 2020

ਹੋਲਾ ਮਹੱਲਾ
ਸ੍ਰੀ ਭੈਣੀ ਸਾਹਿਬ



ਪਰਮ ਸਤਿਕਾਰ ਯੋਗ ਸਾਧ ਸੰਗਤ ਜੀ ਇੱਕ ਵਾਰੀ ਬੜੇ ਪਿਆਰ ਨਾਲ ਸਾਰੇ ਆਖੀਏ ਧੰਨ ਗੁਰੂ ਨਾਨਕ ਦੇਵ ਸੱਚੇਪਾਤਸ਼ਾਹ। ਇੱਕ ਵਾਰੀ ਉਸ ਪਾਤਸ਼ਾਹ ਨੂੰ ਯਾਦ ਕਰੀਏ ਜਿਨ੍ਹਾਂ ਨੇ ਇੱਕ ਵੱਖਰਾ ਸਰੂਪ ਦਿੱਤਾ, ਇੱਕ ਵਾਰ ਬੜੇ ਪਿਆਰ ਨਾਲ ਆਖੀਏ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ। ਜਦੋਂ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੀ ਸਿੱਖੀ ਮੁਰਝਾ ਗਈ, ਸਿੱਖ ਰਾਜ ਬੜੀ ਦੁਰਦਸ਼ਾ ਨਾਲ ਖਤਮ ਹੋ ਗਿਆ, ਸਿੱਖੀ ਭੁੱਲ ਗਈ, ਗੁਰਬਾਣੀ ਭੁੱਲ ਗਈ ; ਜਿਸ ਪਾਤਸ਼ਾਹ ਨੇ ਮੁੜ ਕਿਰਪਾ ਕਰਕੇ ਉਸ ਸਿੱਖੀ ਨੂੰ ਸੁਰਜੀਤ ਕੀਤਾ ਉਹਨਾ ਦੇ ਚਰਨਾਂ ਤੇ ਸੀਸ ਝੁਕਾਉਂਦੇ ਹੋਏ ਆਖੀਏ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਅਤੇ ਜਿਸ ਸਤਿਗੁਰੂ- ਸੱਚੇਪਾਤਸ਼ਾਹ ਨੇ ਸਾਨੂੰ ਆਪਣੀ ਗੋਦ ਦਾ ਅਨੰਦ ਬਖਸ਼ਿਆ, ਸਾਨੂੰ ਸਿੱਖੀ ਨਾਲ ਵੀ ਜੋੜੀ ਰੱਖਿਆ ਅਤੇ ਖੁਸ਼ਹਾਲੀ ਵੀ ਦਿੱਤੀ, ਉਸ ਪਾਤਸ਼ਾਹ ਨੂੰ ਯਾਦ ਕਰਦੇ ਹੋਏ ਇਕ ਵਾਰ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਇਸ ਹੋਲੇ ਮੱਹਲੇ ਤੋਂ ਪਹਿਲਾਂ ਜਿਸ ਤਰ੍ਹਾਂ ਤੁਹਾਨੂੰ ਪਤਾ ਹੀ ਹੈ ਕਿ ਕੋਰੋਨਾ ਬਾਰੇ ਬੜਾ ਰੌਲਾ ਪਿਆ ਹੋਇਆ ਸੀ, ਹੁਣ ਉਸ ਤੋਂ ਵੀ ਜਿਆਦਾ ਵੱਧ ਗਿਆ ਹੈ। ਕਿਹਾ ਜਾ ਰਿਹਾ ਸੀ ਕਿ ਵਾਇਰਸ ਕਰਕੇ ਕਿਸੇ ਤਰ੍ਹਾਂ ਦਾ ਇਕੱਠ ਨਾ ਕਰੀਏ ਜਾਂ ਆਪਾਂ ਹੋਲੇ ਨੂੰ ਅੱਗੇ ਕਰ ਦਈਏ। ਬੜੀ ਖੁਸ਼ੀ ਹੋਈ ਹੈ, ਸਤਿਗੁਰੂ ਸੱਚੇਪਾਤਸ਼ਾਹ ਦੀ ਕਿਰਪਾ ਨਾਲ ਬੜੀ ਸ਼ਾਂਤੀ ਨਾਲ ਮੇਲਾ ਹੋਇਆ ਹੈ, ਸਾਧ ਸੰਗਤ ਨੇ ਕਿੰਨੇ ਪਿਆਰ ਨਾਲ ਇਹ ਹੁੰਗਾਰਾ ਦਿੱਤਾ ਹੈ।

ਮੈਂ ਸਭ ਤੋਂ ਪਹਿਲਾਂ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਸਿੱਖੀ ਇੱਕ ਵੱਖਰੀ ਸੰਪਰਦਾ ਨਹੀਂ, ਆਪਾਂ ਇਹ ਸਮਝ ਕੇ ਚੱਲੀਏ ਕਿ ਸਿੱਖੀ ਇੱਕ ਜੀਵਨ ਜਾਚ ਹੈ; ਉਹ ਜੀਵਨ ਜਾਚ ਕੀ ਹੈ? ਉਹ ਜੀਵਨ ਜਾਚ  ਪਖੰਡਾਂ, ਵਹਿਮਾਂ-ਭਰਮਾਂ ਦਾ ਖੰਡਣ ਹੈ ਅਤੇ ਇੱਕ ਪ੍ਰਮੇਸ਼ਰ ਦੇ ਚਰਨਾਂ ਨਾਲ ਜੋੜਨ ਦੀ ਜਾਚ ਹੈ। ਨਿੰਦਿਆ, ਈਰਖਾ ਤੋਂ ਪਾਸੇ ਹੈ, ਸਾਨੂੰ ਸੁੱਖ ਨਾਲ ਜੋੜਨ ਦੀ ਜਾਚ ਹੈ। ਇਹ ਗੱਲ ਏਸ ਕਰਕੇ ਕਰਨ ਨੂੰ ਜੀਅ ਕਰਦਾ ਹੈ ਕਿਉਂਕਿ  ਧਰਮਾਂ ਦੇ ਨਾਵਾਂ ਤੇ, ਸੰਪਰਦਾਵਾਂ ਦੇ ਨਾਵਾਂ ਤੇ ਦੰਗੇ ਹੁੰਦੇ ਹਨ। ਏਸ ਕਰਕੇ ਜਦੋਂ ਕੋਈ ਇਹ ਸਵਾਲ ਪੁੱਛਦਾ ਹੈ ਕਿ ਧਰਮ ਦਾ ਕੀ ਫ਼ਾਇਦਾ ਹੈ? ਉਸ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਤੁਹਾਡੇ ਆਪਣੇ ਮਨ ਵਿੱਚ ਤਸੱਲੀ ਹੋਣੀ ਚਾਹੀਦੀ ਹੈ ਕਿ ਮੇਰਾ ਧਰਮ ਮੈਨੂੰ ਈਰਖਾ ਤੋਂ ਬਚਾਉਂਦਾ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵਿੱਚ ਰਿਕਾਰਡ ਹੈ: “ ਈਰਖਾ ਤੁਹਾਡਾ ਨੁਕਸਾਨ ਜ਼ਹਿਰ ਨਾਲੋਂ ਵੀ ਜ਼ਿਆਦਾ ਕਰਦੀ ਹੈ, ਕਿਉਂਕਿ ਜ਼ਹਿਰ ਜਿਸ ਭਾਂਡੇ ਵਿਚ ਪਈ ਹੈ ਉਸ ਦਾ ਨੁਕਸਾਨ ਨਹੀਂ ਕਰਦੀ ਪਰ ਈਰਖਾ ਜਿਸ ਸਰੀਰ ਰੂਪ ਭਾਂਡੇ ਵਿੱਚ ਹੁੰਦੀ ਹੈ ਸਭ ਤੋਂ ਪਹਿਲੋਂ ਉਸਨੂੰ ਹੀ ਸਾੜਦੀ ਹੈ। ” ਕਿਸੇ ਦਾ ਤੁਸੀਂ ਨੁਕਸਾਨ ਕਰ ਸਕਦੇ ਹੋ ਕਿ ਨਹੀਂ, ਉਹ ਤਾਂ ਬੜੀ ਦੂਰ ਦੀ ਗੱਲ ਹੈ ਪਰ ਪਹਿਲੋਂ ਤੁਸੀਂ ਆਪ ਸੜੀ ਜਾਂਦੇ ਹੋ। ਦੂਸਰੀ ਚੀਜ ਜਿਹੜੀ ਸਿੱਖੀ ਸਾਨੂੰ ਦਿੰਦੀ ਹੈ, ਉਹ ਹੈ ਰਜ਼ਾ ਵਿੱਚ ਰਾਜੀ ਰਹਿਣਾ। ਗੁਰਬਾਣੀ ਦਾ ਵਾਕ ਹੈ 'ਨਾ ਕਰਿ ਚਿੰਤ ਚਿੰਤਾ ਹੈ ਕਰਤੇ'। ਸਭ ਤੋਂ ਵੱਡੀ ਸਾਡੀ ਪਰੇਸ਼ਾਨੀ ਦਾ ਕਾਰਨ 'ਈਰਖਾ, ਤੋਂ ਬਾਅਦ 'ਚਿੰਤਾ', ਹੁੰਦੀ ਹੈ, ਜਦੋਂ ਅਸੀਂ ਗੁਰਬਾਣੀ ਨਾਲ ਜੁੜਦੇ ਹਾਂ ਉਦੋਂ ਸਾਡੀ ਚਿੰਤਾ ਦੂਰ ਹੋਣੀ ਸ਼ੁਰੂ ਹੋ ਜਾਂਦੀ ਹੈ। ਮੈਂ ਵਾਪਸ ਓਹੀ ਗੱਲ ਕਰਦਾ ਹਾਂ ਕਿ ਗੁਰਬਾਣੀ ਸੁੱਖ ਤੇ ਚਲਣ ਦੀ, ਜੀਵਨ ਜਾਚ ਹੈ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਉਪਦੇਸ਼ਾਂ ਵਿਚ ਹੁਕਮ ਕਰਦੇ ਹਨ: ਨਿੰਦਿਆ ਨਾ ਕਰਿਆ ਕਰੋ, ਘਰਾਂ ਵਿਚ ਬੈਠ ਕੇ ਬੱਚਿਆਂ ਦੇ ਸਾਹਮਣੇ ਕਿਸੇ ਦੀ ਵੀ ਨਿੰਦਿਆ ਨਾ ਕਰਿਆ ਕਰੋ। ਜਦੋਂ ਆਪਾਂ ਨਿੰਦਿਆ ਨਹੀਂ ਕਰਦੇ, ਅਸੀਂ ਸੌਖੇ ਹੋ ਜਾਣੇ ਹਾਂ, ਜਦੋਂ ਉਸਤਤ ਕਰਦੇ ਹਾਂ ਜਦੋਂ ਅਸੀਂ ਕਿਸੇ ਨੂੰ ਚੰਗਾ ਕਹਿੰਦੇ ਹਾਂ, ਜਦੋਂ ਅਸੀਂ ਹਰਿ-ਜੱਸ ਕਰਦੇ ਹਾਂ, ਸਾਡਾ ਆਪਣਾ ਮਨ ਕਿੰਨਾ ਚੰਗਾ ਬਣ ਜਾਂਦੈ, ਤੁਸੀਂ ਕਰਕੇ ਦੇਖ ਲਓ ਤੁਹਾਡਾ ਸਮਾਂ ਕਿੰਨਾ ਚੰਗਾ ਲੰਘ ਜਾਂਦੈ। ਮੈਂ ਆਪਣੇ ਆਲੇ ਦੁਆਲੇ ਦੇਖਦਾ ਹਾਂ ਬੜੀ ਦੁਨੀਆ 'ਚ ਫਿਰਨ ਦਾ ਮੌਕਾ ਮਿਲਦਾ ਹੈ। ਸੱਚੀ ਮੁੱਚੀਂ ਮੈਂ ਇਹ ਮਹਿਸੂਸ ਕਰਦਾ ਹਾਂ ਕਿ, ਜਿੱਥੇ ਹਰਿ ਜਸ ਹੁੰਦਾ ਹੈ, ਨਾਮ ਸਿਮਰਨ ਹੁੰਦਾ ਹੈ, ਉੱਥੇ ਜਿਆਦਾ ਖੁਸ਼ੀ ਹੈ। ਅਸੀਂ ਕੁਝ ਦਿਨ ਪਹਿਲਾਂ ਹੀ ਗੱਲਾਂ ਕਰਦੇ ਸੀ, ਇਹ ਨਹੀਂ ਕਿ ਭੈਣੀ ਸਾਹਿਬ ਵਿੱਚ ਲੱਖਾਂ ਲੋਕ ਰਹਿੰਦੇ ਨੇ, ਇਹ ਨਹੀਂ ਕਿ ਭੈਣੀ ਸਾਹਿਬ ਵਿੱਚ ਬਹੁਤ ਪੈਸਾ ਹੈ ਪਰ ਭੈਣੀ ਸਾਹਿਬ ਵਿੱਚ ਨਾਮ ਸਿਮਰਨ ਹੁੰਦਾ ਹੈ। ਹਰਿ-ਜਸ ਹੁੰਦਾ ਹੈ, ਏਥੇ ਖੁਸ਼ੀ ਮਹਿਸੂਸ ਹੁੰਦੀ ਹੈ। ਏਥੇ ਬੜੇ ਆਉਂਦੇ ਨੇ, ਜਿੰਨਾ ਤੇ ਕਿਰਪਾ ਹੁੰਦੀ ਹੈ, ਆ ਕੇ ਕਹਿੰਦੇ ਨੇ ਏਹੋ ਜਿਆ ਮਾਹੌਲ ਸਾਨੂੰ ਤਿਕੇ ਨਹੀਂ ਮਿਲਦਾ।

ਅਸੀਂ ਹੋਰ ਵੀ ਬੜੇ ਥਾਂ ਗਏ ਹਾਂ ਪਰ ਜਿਹੜੀ ਖੁਸ਼ੀ, ਜਿਹੜੀ ਸੰਤੁਸ਼ਟੀ ਸਾਨੂੰ ਏਥੇ ਆ ਕੇ ਮਿਲਦੀ ਹੈ, ਹੋਰ ਕਿਸੇ ਥਾਂ ਤੇ ਨਹੀ ਮਿਲਦੀ।

ਏਸੇ ਗੱਲ ਤੇ ਚਲਦਿਆਂ ਹੋਇਆਂ ਮੈਂ ਇੱਕ ਅਰਜ ਬੇਨਤੀ ਕਰਨਾ ਚਾਹਾਂਗਾ ਕਿ ਪੰਜਾਬੀਆਂ ਦੀ ਸਾਰੇ ਦੇਸ਼ ਵਿਚ ਬਹੁਤ ਬਦਨਾਮੀ ਹੋਈ ਕਿ ਪੰਜਾਬੀਆਂ ਵਿੱਚ ਨਸ਼ਾ ਬਹੁਤ ਹੈ। ਉਸ ਨਸ਼ੇ ਦੇ ਅਸਰ ਤੋਂ ਦੂਜਿਆਂ ਨਾਲੋਂ ਅਸੀਂ ਬਹੁਤ ਘੱਟ ਹਾਂ, ਘੱਟ ਹਾਂ ਜਿੰਨੇ ਅਸੀਂ ਸਿੱਖੀ ਨਾਲ ਜੁੜੇ ਹਾਂ। ਜਿਹੜੇ-ਜਿਹੜੇ ਇਲਾਕਿਆਂ ਵਿੱਚ ਜਿਹੜੇ ਜਿਹੜੇ ਪਿੰਡਾਂ ਵਿਚ ਸਿੱਖੀ ਤੋਂ ਜਿੰਨਾ ਜਿੰਨਾ ਦੂਰ ਹੋ ਗਏ ਨੇ, ਓਨੀ ਹੀ ਗਿਰਾਵਟ ਆ ਗਈ ਹੈ, ਓਨੇ ਨਸ਼ੇ ਆ ਗਏ ਨੇ। ਆਪਾਂ ਕੋਸ਼ਿਸ਼ ਕਰੀਏ, ਸਭ ਨੂੰ ਨਸ਼ਾ ਮੁਕਤ ਕਰਾਈਏ। ਪਹਿਲੀ ਗੱਲ ਤੇ ਜਦੋਂ ਕੋਈ ਨਸ਼ੇ ਵੱਲ ਨੂੰ ਤੁਰਦਾ ਹੈ ਅਸੀਂ ਉਦੋਂ ਹੀ ਹਟਾਉਣ ਦੀ ਕੋਸ਼ਿਸ਼ ਕਰੀਏ। ਜੇ ਸਾਡੇ ਵਲੋਂ ਮਦਦ ਦੀ ਲੋੜ ਹੈ ਤਾਂ ਅਸੀਂ ਹਰ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਹਾਂ। ਸੱਚੇ ਪਾਤਸ਼ਾਹ ਜੀ ਬਚਨ ਕਰਦੇ ਹੁੰਦੇ ਸੀ, ਅੱਜ ਮੈਂ ਦੇਖਦਾ ਹਾਂ, ਓਹੀ ਚੀਜਾਂ ਹੁੰਦੀਆਂ ਨੇ, ਕਿਸੇ ਨੇ ਕੇਸ ਕਟਾਏ ਹੋਏ ਨੇ, ਸਿੱਖੀ ਤੋਂ ਬੜਾ ਪਤਿਤ ਹੈ, ਆ ਕੇ ਮੈਨੂੰ ਕਹਿੰਦੇ ਨੇ ਜੀ ਪੀ.ਐਚ.ਡੀ ਕੀਤੀ ਹੋਈ ਹੈ, ਪ੍ਰੋਫੈਸਰ ਲੱਗ ਗਏ ਹਾਂ। ਬੜੀ ਦੁਨੀਆਂ ਲਗੀ ਫਿਰਦੀ ਹੈ ਮੈਨੂੰ ਤਾਂ ਓਹਦਾ ਕੋਈ ਚਾਅ ਨਹੀਂ ਹੁੰਦਾ, ਬੜੀਆਂ ਪੀ.ਐਚ.ਡੀ. ਕਰੀ ਫਿਰਦੇ ਨੇ ਕੁਝ ਵੀ ਬਣੋ ਉਸ ਤੋਂ ਪਹਿਲਾਂ ਸਿੱਖ ਬਣੋ, ਤੁਸੀਂ ਸਿੱਖੀ ਸਰੂਪ ਵਿੱਚ ਕੋਈ ਸਫਲਤਾ ਲੈਂਦੇ ਹੋ ਉਸ ਚੀਜ਼ ਦੀ ਖੁਸ਼ੀ ਹੁੰਦੀ ਹੈ ਓਸ ਅੱਗੇ ਸਿਰ ਝੁਕਾਉਣ ਨੂੰ ਵੀ ਜੀਅ ਕਰਦੈ। ਸਾਡੀ ਸਾਂਝ ਤੇ ਇਹ ਸਿੱਖੀ ਦੀ ਹੈ ਜਿਹੜੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਹੈ। ਉਹ ਸਿੱਖੀ ਜਿਹੜੀ ਸੁੱਖ ਦੇਣ ਵਾਲੀ ਹੈ। ਤੁਹਾਨੂੰ ਬਹੁਤ ਸਾਰਿਆਂ ਨੂੰ ਪਤਾ ਹੋਵੇਗਾ, ਮੈਂ ਇੱਕ ਵਾਰ ਫਿਰ ਦੱਸਣਾ ਚਾਹੁੰਦਾ ਹਾਂ ਕਿ ਆਪਾਂ ਏਸ ਵਾਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ 100 ਵਾਂ ਪ੍ਰਕਾਸ਼ ਪੁਰਬ ਮਨਾ ਰਹੇ ਹਾਂ। ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਪ੍ਰਕਾਸ਼ ਪੁਰਬ ਦਾ ਮੇਲਾ ਨਵੰਬਰ ਵਿੱਚ ਕਰਨਾ ਚਹੁੰਦੇ ਹਾਂ। ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਪਾਠ ਕਰਕੇ ਭੋਗ ਪਾਈਏ, ਜਿੰਨੇ ਵੀ ਤੁਸੀਂ ਪਾਠ ਕਰ ਸੱਕੋ। ਤੁਸੀਂ ਬੜੇ ਸਤਿਕਾਰ ਨਾਲ, ਬੜੇ ਪਿਆਰ ਨਾਲ ਗੁਰਬਾਣੀ ਪੜ੍ਹੋ, ਵੱਧ ਤੋਂ ਵੱਧ ਪਾਠ ਕਰੋ। ਆਪਾਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਤੇ ਪਾਠ ਕਰਕੇ ਵੱਧ ਤੋਂ ਵੱਧ ਭੋਗ ਪਵਾਈਏ। ਇਹ ਸੋਚਿਆ ਹੈ ਕਿ 21, 22, 23 ਨਵੰਬਰ ਸੰਗੀਤ ਸੰਮੇਲਨ ਹੋਵੇਗਾ। ਉਸ ਤੋਂ ਬਾਅਦ 24, 25 ਦੋ ਦਿਨ ਮੇਲਾ ਹੋਏਗਾ। 26 ਨੂੰ ਪਾਠਾਂ ਭੋਗ ਪਾਏ ਜਾਣਗੇ, ਬਾਕੀ ਜਿਸ-ਜਿਸ ਤਰ੍ਹਾਂ ਹੋਰ ਪ੍ਰੋਗਰਾਮ ਬਣਦੇ ਨੇ ਓਹਨਾ ਪ੍ਰੋਗਰਾਮਾਂ ਦਾ ਵੀ ਸੋਚਿਆ ਜਾਵੇਗਾ। ਇੱਕ ਜਿੰਮੇਵਾਰੀ ਲਈ ਹੈ ਸੂਬਾ ਬਲਵਿੰਦਰ ਸਿੰਘ ਜੀ ਨੇ ਕਿ ਘੱਟ ਤੋਂ ਘੱਟ 100 ਅਨੰਦ ਕਾਰਜ ਵੀ ਆਪਾਂ ਇਕੱਠੇ ਕਰਾਂਗੇ। ਓਹਦੇ ਵਿਚ ਬਾਕੀ ਸੂਬੇ ਸਹਿਬਾਨ, ਪ੍ਰਧਾਨ, ਆਪਣੇ ਇਲਾਕਿਆਂ ਚੋਂ ਨਾਮ ਲਿਖਵਾਉਣ ਕਿ ਜਿਹੜੇ ਨੌਜਵਾਨ ਏਸ ਮੇਲੇ ਵਿੱਚ ਅਨੰਦ ਕਰਵਾਉਣਗੇ। 100 ਦੀ ਜਗ੍ਹਾ ਮੈਂ ਤੇ ਕਹਿਦਾ ਹਾਂ ਕਿ ਕੋਈ ਵੱਡੀ ਗੱਲ ਨਹੀਂ 200 ਹੋ ਜਾਣ।

ਜਿਹੜਾ ਹੋਲਾ ਹੋਇਆ ਹੈ ਇਸ ਬਾਰੇ ਮੈਂ ਦੱਸਣਾ ਚਾਹਵਾਂਗਾ ਕਿ ਇਹ ਮੇਲਾ ਨਰਿੰਦਰ ਸਿੰਘ ਹੈਪੀ ਨੇ ਕਰਵਾਇਆ ਹੈ ਗਵਾਲੀਅਰ ਤੋਂ, ਅੱਜ ਕੱਲ ਬੰਗਲੌਰ ਹੁੰਦੇ ਨੇ, ਉਹਨਾ ਦੇ ਪਰਿਵਾਰ ਨੇ ਕਰਾਇਆ ਹੈ। ਮੇਰੇ ਵੇਖਣ ਵਿਚ ਹੀ ਨਰਿੰਦਰ ਸਿੰਘ ਆਪਣੀ ਰੋਜ਼ ਦੀ ਜਿੰਦਗੀ ਵਿੱਚ ਵੀ ਸਟਰਗਲ ਕਰਦਾ ਸੀ, ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਤੇ ਜੋ ਲਹਿਰਾਂ ਬਹਿਰਾਂ ਹੋ ਗਈਆਂ ਨੇ ਤੇ ਉਸ ਤੋਂ ਜਿਆਦਾ ਇਹ ਕਿਰਪਾ ਕੀਤੀ ਕਿ ਉਹਦੇ ਧਿਆਨ ਵਿੱਚ ਇਹ ਆਇਆ ਕਿ ਮੇਰਾ ਪੈਸਾ ਸੰਗਤ ਦੀ ਸੇਵਾ ਵਿਚ ਲੱਗੇ, ਸੱਚੇ ਪਾਤਸ਼ਾਹ ਦੇ ਹੁਕਮ ਵਿੱਚ ਲੱਗੇ, ਹਰਿ-ਜਸ ਵਿਚ ਲੱਗੇ। ਪਰ ਉਹਨਾ ਦੇ ਬਹੁਤ ਵੱਡੇ ਭਾਗ ਨੇ, ਓਹਨਾ ਦੇ ਸ਼ਾਬਾਸ਼ ਹੈ ਕਿ ਇਹ ਪੈਸਾ ਓਹਨਾ ਹੋਲਾ ਮਹੱਲਾ ਕਰਵਾਉਣ ਤੇ ਲਾਇਆ ਹੈ।

ਇੱਕ ਚੀਜ ਦੀ ਸਾਡੇ ਵਲੋਂ ਕਮਜ਼ੋਰੀ ਹੈ, ਪ੍ਰਬੰਧਕਾਂ ਵੱਲੋਂ ਕਮਜ਼ੋਰੀ ਹੈ, ਮੈਂ ਇਹ ਮਾਫ਼ੀ ਵੀ ਮੰਗਦਾ ਹਾਂ ਕਿ ਵੱਡਾ ਹਾਲ ਨਹੀਂ ਬਣ ਸੱਕਿਆ। ਇਹ ਦੂਸਰਾ, ਤੀਸਰਾ ਮੇਲਾ ਹੋ ਗਿਆ ਹੈ ਕਿ ਹਰ ਮੇਲੇ ਵਿਚ ਬਾਰਿਸ਼ ਹੁੰਦੀ ਹੈ। ਸੰਗਤ ਦੂਰੋਂ-ਦੂਰੋਂ ਆਈ ਹੈ, ਬਹਿਣ ਨੂੰ ਥਾਂ ਨਹੀਂ ਮਿਲ ਸੱਕਿਆ। ਕੋਸ਼ਿਸ਼ ਕਰਾਂਗੇ, ਕਿਰਪਾ ਕਰਨ ਸੱਚੇ ਪਾਤਸ਼ਾਹ, ਅਗਲੀ ਵਾਰ ਤੱਕ ਵੱਡਾ ਹਾਲ ਬਣ ਜਾਵੇ।

ਇਹ ਅਰਦਾਸ ਹੈ: ਸੱਚੇ ਪਾਤਸ਼ਾਹ ਸਦਾ ਹੀ ਕਿਰਪਾ ਕਰਨ, ਸਦ ਸਾਡੇ ਅੰਗ-ਸੰਗ ਰਹਿਣ, ਕਦੀ ਇਹ ਨਾ ਮਹਿਸੂਸ ਹੋਵੇ ਕਿ ਉਹ ਸਾਡੇ ਤੋਂ ਦੂਰ ਨੇ, ਸਦਾ ਹੀ ਆਪਣੀ ਸੇਵਾ ਕਰਾਉਂਦੇ ਰਹਿਣ। ਈਰਖਾ, ਹੰਕਾਰ, ਕਾਮ, ਕ੍ਰੋਧ, ਲੋਭ, ਮੋਹ ਤੋਂ ਬਚ ਕੇ ਚਰਨੀਂ ਲੱਗੇ ਰਹੀਏ। ਇਹ ਜ਼ਰੂਰ ਜੀਅ ਕਰਦਾ ਹੈ ਕਿ ਉਹਨਾਂ ਦਾ ਇਹ ਪੰਥ ਵਧੇ ਫੁੱਲੇ, ਉਹਨਾਂ ਦੀ ਉਸਤਤ ਕਰਦੇ ਰਹੀਏ, ਦੁਨੀਆਂ ਸੁਖੀ ਹੋਵੇ, ਕੋਈ ਦੁਖੀ ਨਾ ਰਹੇ, ਹਰ ਇੱਕ ਉਹਨਾ ਦਾ ਨਾਮ ਜੱਪਦਾ ਦਿੱਸੇ। ਏਨੀ ਅਰਜ਼ ਕਰਕੇ ਆਪ ਤੋਂ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਅੱਠਵਾਂ ਹੋਲਾ-ਮਹੱਲਾ ਸ੍ਰੀ ਭੈਣੀ ਸਾਹਿਬ

-ਹਰਪਾਲ ਸਿੰਘ ਸੇਵਕ

**ਲੋਕਾਈ ਦੀ ਰੋਗਾਂ ਤੋਂ ਰੱਖਿਆ ਨਮਿੱਤ ਨਾਮ-ਸਿਮਰਨ, ਕਥਾ-ਕੀਰਤਨ, ਹੱਲੇ ਦੇ ਦੀਵਾਨ, ਕਵੀ ਦਰਬਾਰ, 100 ਹਵਨ ਯੱਗ, ਤਿੰਨ ਲੱਖ ਚੌਪਈ ਦੇ ਪਾਠ, ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ, ਅਨੰਦ ਕਾਰਜ, ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਪਾਵਨ ਦਰਸ਼ਨ-ਪਰਸਨ ਅਤੇ ਸੰਗਤਾਂ ਦੀ ਭਰਪੂਰ ਹਾਜ਼ਰੀ ਵਿੱਚ ਪੰਜ ਦਿਨਾਂ ਦਾ ਤ੍ਰਿਬੇਣੀ-ਪੁਰਬ ਹੋਲਾ-ਮਹੱਲਾ (9 ਮਾਰਚ ਤੋਂ 13 ਮਾਰਚ ਤੱਕ) ਬੜੇ ਭਗਤੀ ਭਾਵ ਨਾਲ ਸੰਪੰਨ ਹੋਇਆ।**

**26 ਫੱਗਣ 2076 ਦਿਨ ਸੋਮਵਾਰ 9 ਮਾਰਚ** ਨੂੰ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ ਤ੍ਰਿਬੇਣੀ ਪੁਰਬ ਹੋਲਾ-ਮਹੱਲਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਨਾਮ ਆਰੰਭ ਹੋਇਆ। ਰੋਜ਼ਾਨਾ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਅਤੇ ਸੰਤ ਬਲਵੰਤ ਸਿੰਘ ਜੀ ਦੀ ਅਗੁਆਈ ਵਿੱਚ ਹੁੰਦਾ ਰਿਹਾ। ਦੋਵਾਂ ਜਥਿਆਂ ਨਾਲ ਸਹਿਯੋਗੀ ਰਾਗੀ ਸਿੰਘ, ਸਰਵ ਸ੍ਰੀ ਹਰਜਿੰਦਰ ਸਿੰਘ, ਸਰਮੁਖ ਸਿੰਘ, ਸਤਨਾਮ ਸਿੰਘ, ਈਸ਼ਰ ਸਿੰਘ, ਪਿਆਰਾ ਸਿੰਘ, ਛੋਟੇ ਪੂਰ ਚੋਂ ਕਾਕਾ ਬਸੰਤ ਸਿੰਘ, ਸੰਤਾ ਸਿੰਘ, ਰਤਨ ਸਿੰਘ, ਹਰਪਾਲ ਸਿੰਘ ਅਤੇ ਤਬਲੇ ਤੇ ਸੰਗਤ ਕਰਨ ਵਾਲੇ ਹਰਪ੍ਰੀਤ ਸਿੰਘ, ਅਜੇਪਾਲ ਸਿੰਘ, ਸ਼ਾਮ ਸਿੰਘ, ਗਿਆਨ ਸਿੰਘ, ਇਕਬਾਲ ਸਿੰਘ। ਉਚੇਚੇ ਇੰਗਲੈਂਡ ਤੋਂ ਆਏ ਸਰਵ ਸ੍ਰੀ ਗੁਰਸ਼ਰਨ ਸਿੰਘ, ਕਿਰਪਾਲ ਸਿੰਘ ਅਤੇ ਹਰਮਿੰਦਰ ਸਿੰਘ ਜੀਤਾ ਵੀ ਦੋਵਾਂ ਜਥਿਆਂ ਨਾਲ ਕੀਰਤਨ ਸਮੇਂ ਸ਼ਾਮਲ ਰਹੇ। ਹੋਲੇ-ਮਹੱਲੇ ਦੇ ਅਰੰਭ ਦੀ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਵੰਤ ਸਿੰਘ ਜੀ ਦੀ ਅਗੁਆਈ ਵਿੱਚ ਹੋਇਆ। ਬਸੰਤ ਦੀ ਵਾਰ ਦਾ ਰਸ ਭਿੰਨਾ ਗਾਇਨ ਵੀ ਕੀਤਾ ਗਿਆ ਜੋ ਆਸਾ ਦੀ ਵਾਰ ਵਿੱਚ ਮਾਘੀ ਦੇ ਮੇਲੇ ਤੋਂ ਗਾਉਣੀ ਸ਼ੁਰੂ ਕੀਤੀ ਜਾਂਦੀ ਹੈ ਅਤੇ ਹੋਲੇ-ਮਹੱਲੇ ਦੇ ਭੋਗ ਤੱਕ ਗਾਈ ਜਾਂਦੀ ਹੈ। ਸੂਬਾ ਬਲਵਿੰਦਰ ਸਿੰਘ ਜੀ ਨੇ ਅਰਦਾਸ ਕਰਨ ਉਪਰੰਤ ਦਿਨ ਦੇ ਦੀਵਾਨਾਂ ਦੇ ਪ੍ਰੋਗਰਾਮ ਦੱਸੇ।

ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਹੋਲੀ ਤੋਂ ਹੋਲੇ ਤੱਕ ਦਾ ਇਤਿਹਾਸ, ਗੁਰੂ ਗੋਬਿੰਦ ਸਿੰਘ ਦੁਆਰਾ ਅਰੰਭ ਕੀਤੇ ਹੋਲੇ ਦਾ ਸਰੂਪ ਅਤੇ ਵਰਤਮਾਨ ਸਮੇਂ ਤੱਕ ਹੋਏ ਹੋਲੇ ਮਹੱਲਿਆਂ ਦਾ ਇਤਿਹਾਸ ਸੰਖੇਪ ਵਿੱਚ ਦੱਸਿਆ। ਆਪ ਨੇ ਦੱਸਿਆ ਕਿ ਉਨੀਵੀਂ ਸਦੀ ਦੇ ਦੂਸਰੇ ਮੱਧ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਸਿੱਖੀ ਦੀ ਪੁਨਰ-ਸੁਰਜੀਤੀ ਕੀਤੀ ਉਥੇ ਛੇ ਹੋਲੇ-ਮਹੱਲੇ ਕਰਕੇ ਖਾਲਸਈ ਜਾਹੋ-ਜ਼ਲਾਲ ਨੂੰ ਮੁੜ ਬੁਲੰਦੀਆਂ ਤੇ ਪੁਚਾਇਆ। ਅਤਿ ਸਖਤੀਆਂ ਦੇ ਦੌਰ ਵਿੱਚ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਵਿੱਚ ਕਈ ਵਰ੍ਹੇ ਹੋਲੇ-ਮਹੱਲੇ ਨਾ ਹੋ ਸੱਕੇ, ਜਦੋਂ ਕੁਝ ਕੁ ਸਖਤੀਆਂ ਘਟੀਆਂ ਤਾਂ ਆਪ ਦੇ ਸਮੇਂ ਵਿੱਚ ਸੱਤ ਹੋਲੇ-ਮਹੱਲੇ ਹੋਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿੱਚ



ਨਾਮਧਾਰੀ ਪੰਥ ਦਾ ਪ੍ਰਤਾਪ ਮੁੜ ਬੁਲੰਦੀਆਂ ਤੇ ਪੁੱਜਾ, 53 ਵਰ੍ਹਿਆਂ ਵਿੱਚ 54 ਹੋਲੇ ਹੋਏ। ਚਰਵੰਜਵਾਂ ਹੋਲਾ-ਮਹੱਲਾ ਵਿਦੇਸ਼ ਵਿਚ ਯੂਗੰਡਾ ਵਿਖੇ 1959 ਈ. ਵਿੱਚ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਦੇ 53 ਵਰ੍ਹਿਆਂ ਵਿਚ 57 ਹੋਲੇ-ਮਹੱਲੇ ਹੋਏ ਜਿਨਾਂ ਵਿਚ ਵਿਦੇਸ਼ਾਂ ਵਿੱਚ, 1984 ਵਿਚ ਇੰਗਲੈਂਡ, 1985 ਵਿਚ ਤਨਜਾਨੀਆਂ, 1972 ਅਤੇ 1996 ਵਿਚ ਬੰਕੋਕ ਅਤੇ ਚੰਗਮਈ (ਥਾਈਲੈਂਡ) ਵਿਖੇ ਹੋਏ। ਹੋਲੇ-ਮਹੱਲੇ ਦੇ ਪੁਰਬ ਨਾਲ, ਜਿਸ ਵਿਚ ਸਾਹਿਬ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲਾ ਅਰੰਭ ਕਰਨਾ ਅਤੇ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਦੋ ਪੁਰਬਾਂ ਦੇ ਨਾਲ ਹੋਲੇ ਦੇ ਆਖਰੀ ਦਿਨ ਚੇਤ ਵਧੀ ਤੀਜ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਿਲਾ ਕੇ ਇਸਨੂੰ 'ਤ੍ਰਿਬੇਣੀ ਪੁਰਬ' ਬਣਾ ਦਿੱਤਾ। ਇਸ ਤ੍ਰਿਬੇਣੀ ਪੁਰਬ ਤੇ ਸੰਗਤਾਂ ਨੂੰ ਸੇਵਾ, ਸਿਮਰਨ ਅਤੇ ਗੁਰੂ ਦਰਸ਼ਨ ਦੇ ਤਿੰਨ ਫਲ ਪ੍ਰਾਪਤ ਹੁੰਦੇ ਹਨ। ਇਸਦੇ ਨਾਲ ਹੀ ਆਪ ਨੇ ਸੰਗਤਾਂ ਨੂੰ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਕਿ ਵਿਸ਼ਵ ਭਰ ਵਿੱਚ ਫੈਲ ਰਹੇ ਕਰੋਨਾ ਵਾਇਰਸ ਦੀ ਮਹਾਂਮਾਰੀ ਤੋਂ ਮਨੁੱਖਤਾ ਦੀ ਰੱਖਿਆ ਲਈ ਸਭ ਸੰਗਤਾਂ ਦਸਮ ਪਾਤਸ਼ਾਹ ਦੀ ਰਚਿਤ ਬਾਣੀ ਚੌਪਈ ਦੇ ਪਾਠ ਕਰਕੇ ਪ੍ਰਬੰਧਕਾਂ ਨੂੰ ਲਿਖਵਾਉਣ ਤਾਂ ਕਿ ਭੋਗ ਵਾਲੇ ਦਿਨ ਵੱਧ ਤੋਂ ਵੱਧ ਪਾਠਾਂ ਦੇ ਭੋਗ ਪਾਏ ਜਾ ਸੱਕਣ। ਅੱਜ ਹੋਲੇ ਮਹੱਲੇ ਦਾ ਪਹਿਲਾ ਦਿਨ ਠੰਢੇ ਮੌਸਮ ਵਾਲਾ ਰਿਹਾ ਪਰ ਦਿਨੇ ਅਸਮਾਨ ਸਾਫ ਅਤੇ ਵਧੀਆ ਧੁੱਪ ਰਹੀ।

ਅੱਜ ਦਿਨੇ ਹੱਲੇ ਦੇ ਦੀਵਾਨ ਦਸ ਵਜੇ ਤੋਂ ਸਵਾ ਇੱਕ ਵਜੇ ਤੱਕ ਜਾਰੀ ਰਹੇ। ਜਥੇਦਾਰ ਕੁਲਦੀਪ ਸਿੰਘ ਜੀ ਦਾਤੇਵਾਲ, ਜਥੇਦਾਰ ਪਿਆਰਾ ਸਿੰਘ (ਸ੍ਰੀ ਭੈਣੀ ਸਾਹਿਬ), ਜਥੇਦਾਰ ਪਾਲਾ ਸਿੰਘ ਅਤੇ ਜਥੇਦਾਰ ਬਲਬੀਰ ਸਿੰਘ (ਸ੍ਰੀ ਭੈਣੀ ਸਾਹਿਬ), ਜਥੇਦਾਰ ਨਿਸ਼ਾਨ ਸਿੰਘ (ਦਿੱਲੀ) ਦੇ ਹੱਲੇ ਦੇ ਦੀਵਾਨ ਉਪਰੰਤ ਕਥਾਵਾਚਕ ਭਜਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਸਨਿਮਰ, ਪਰਉਪਕਾਰੀ ਅਤੇ ਪ੍ਰੇਮ ਭਗਤੀ ਵਾਲੇ ਗੁਣਾਂ ਬਾਰੇ ਰੌਚਕ ਵਿਖਿਆਨ ਕੀਤਾ।

ਉਪਰੰਤ ਨਾਮ-ਸਿਮਰਨ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਸੰਗਤਾਂ ਨੇ ਸਰਵਣ ਕੀਤਾ।



ਸ਼ਾਮ ਦੇ ਕੀਰਤਨ ਸਮੇਂ ਸੰਤ ਬਲਵੰਤ ਸਿੰਘ ਜੀ ਦੀ ਅਗੁਆਈ ਵਿਚ ਪਹਿਲੋਂ ਧਰੁਪਦ ਅਤੇ ਫੇਰ ਕੈਰੁਵੇ ਅੰਗ ਦੇ ਸ਼ਬਦਾਂ ਦਾ ਗਾਇਨ ਕੀਤਾ ਗਿਆ। ਸੰਤ ਬਲਵੰਤ ਸਿੰਘ ਜੀ ਨੇ ਦੱਸਿਆ ਕਿ ਪੁਰਾਤਨ ਰਬਾਬੀ ਰੀਤ ਜੋ ਸਾਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿਖਾਈ ਧਰੁਪਦ ਅੰਗ ਦੀ, ਪਹਿਲੋਂ ਇਹ ਰੀਤ ਗਾਈ ਜਾਵੇਗੀ।

'ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ॥'

ਅਤੇ ਫੇਰ ਭਾਈ ਗੁਰਦਾਸ ਜੀ ਰਚਿਤ ਸ਼ਬਦ

"ਸਲਿਲ ਮੈ ਧਰਨਿ, ਧਰਨਿ ਮੈ ਸਲਿਲ, ਜੈਸੇ ਰੂਪ
ਅਨਰੂਪ ਕੈ ਬਿਮਲ ਜਲ ਛਾਏ ਹੈ।"

ਅਤੇ ਅਖੀਰ ਵਿਚ ਤਿੰਨ ਤਾਲ ਕੈਰੁਵੇ ਵਿਚ-

'ਮੇਰੇ ਮਨ ਨਾਮੁ ਨਿਤ ਨਿਤ ਲੇਹ॥'

ਸ਼ਬਦਾਂ ਦਾ ਰਸ ਭਿਨਾਂ ਕੀਰਤਨ ਕੀਤਾ।

**ਸ਼ਾਮ ਦੇ ਦੀਵਾਨ 6:45 ਤੋਂ ਰਾਤ 10:00 ਵਜੇ**

**ਤੱਕ** ਜਥੇਦਾਰ ਬਲਦੇਵ ਸਿੰਘ (ਲੁਧਿਆਣਾ), ਸ੍ਰੀ ਜਸਵੰਤ ਸਿੰਘ ਅਤੇ ਜਥੇਦਾਰ ਅਮਰੀਕ ਸਿੰਘ (ਸ੍ਰੀ ਭੈਣੀ ਸਾਹਿਬ), ਜਥੇਦਾਰ ਮਨਮੋਹਨ ਸਿੰਘ (ਯਮੁਨਾਨਗਰ) ਅਤੇ ਨੌਜੁਆਨ ਜਥੇਦਾਰ ਸੰਤ ਸਿੰਘ ਮੁਠੱਡਾ ਨੇ ਹੱਲੇ ਦੇ ਦੀਵਾਨਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

**27 ਫੱਗਣ (10 ਮਾਰਚ)** ਹੋਲੇ ਮਹੱਲੇ ਦੇ ਦੂਸਰੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਸੰਤ ਹਰਬੰਸ ਸਿੰਘ ਘੁੱਲਾ ਜੀ ਦੀ ਅਗੁਆਈ ਵਿਚ ਗੁਰਸ਼ਰਨ ਸਿੰਘ ਗੁੱਚੀ, ਕਿਰਪਾਲ ਸਿੰਘ ਪਾਲੀ, ਸਰਮੁਖ ਸਿੰਘ, ਸ਼ਾਮ ਸਿੰਘ, ਸਤਨਾਮ ਸਿੰਘ, ਪਿਆਰਾ ਸਿੰਘ, ਸੰਤਾ ਸਿੰਘ, ਰਤਨ ਸਿੰਘ ਆਦਿ ਨੇ ਅਨੰਦਮਈ ਕੀਰਤਨ ਕੀਤਾ। ਆਸਾ ਦੀ ਵਾਰ ਦੇ ਭੋਗ ਉਪਰੰਤ ਸੁਵਰਨ ਸਿੰਘ ਵਿਰਕ ਨੇ ਲੇਖਿਕਾ ਬੀਬੀ ਕੁਲਦੀਪ ਕੌਰ ਬਾਰੇ ਅਤੇ ਉਸਦੀ ਪੁਸਤਕ 'ਦੋ ਫੁੱਲ ਜਜ਼ਬੇ ਦੇ' ਬਾਰੇ ਜਾਣਕਾਰੀ ਦਿੱਤੀ। ਬੀਬੀ ਜੀ ਨੇ ਆਪਣੀ ਪੁਸਤਕ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ। ਵਿਰਕ ਜੀ ਨੇ ਦੱਸਿਆ ਕਿ ਬੀਬੀ ਕੁਲਦੀਪ ਕੌਰ ਸਪੁੱਤਰੀ ਸ. ਜੀਤ ਸਿੰਘ ਟਕਸਾਲੀ ਨਾਮਧਾਰੀ ਪ੍ਰਵਾਰ ਵਿਚੋਂ ਹੈ। ਬੀਬੀ ਕਿੱਤੇ ਵਜੋਂ ਪਟਿਆਲੇ ਵਿੱਚ ਅਧਿਆਪਿਕਾ ਹੈ। ਇਸ ਕਾਵਿਕ ਪੁਸਤਕ ਦੀ ਭੂਮਿਕਾ ਵਿਚੋਂ ਬੀਬੀ ਦੀ ਉੱਤਮ ਦਰਜੇ ਦੀ ਵਾਰਤਕ ਦੀ ਝਲਕ ਵੀ ਪੈਂਦੀ ਹੈ ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਦੇ ਦੈਵੀ ਪ੍ਰਭਾਵ ਦਾ ਸੁੰਦਰ ਵਰਨਣ ਕੀਤਾ ਗਿਆ ਹੈ। ਇਸ ਤੋਂ ਬਿਨਾਂ ਵਿਰਕ ਜੀ ਨੇ ਅੱਜ ਦੁਪਹਿਰ ਨੂੰ ਹੋਣ ਵਾਲੇ ਬਾਬਾ ਸੋਹਣ ਸਿੰਘ ਭਕਨਾ ਜੀ ਦੀ 150 ਵੀਂ ਜਨਮ ਵਰ੍ਹੇ-ਗੰਢ ਨੂੰ ਸਮਰਪਿਤ 'ਸਿਮਰਤੀ ਸਮਾਗਮ' ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਅਤੇ ਇਸ ਸਮਾਗਮ ਵਿਚ ਪੁੱਜ ਰਹੇ ਵਿਦਵਾਨ ਬੁਲਾਰਿਆ ਨੂੰ ਸੁਨਣ ਵਾਸਤੇ ਵੀ ਬੇਨਤੀ ਕੀਤੀ।

**100 ਹਵਨ-ਯੱਗ** ਇਸ ਦੌਰਾਨ ਨਾਮਧਾਰੀ ਵਿਦਿਅਕ ਜਥੇ ਅਤੇ ਸੰਗਤਾਂ ਦੇ ਸਹਿਯੋਗ ਨਾਲ



ਇਤਿਹਾਸਿਕ ਹਵਨ ਕੁੰਡ ਵਾਲੀ ਜਗ੍ਹਾ 20 ਜੱਥਿਆਂ ਨੇ 100 ਹਵਨ ਕਰਨ ਦਾ ਆਯੋਜਨ ਕੀਤਾ। ਜਿਨਾਂ ਦਾ ਆਰੰਭ 6 ਵਜੇ ਕੀਤਾ ਗਿਆ। ਆਸਾ ਦੀ ਵਾਰ ਦੇ ਭੋਗ ਉਪਰੰਤ ਹੋਰ ਸੰਗਤਾਂ ਵੀ ਹਵਨ ਯੱਗ ਵਾਲੀ ਜਗ੍ਹਾ ਇਕੱਤਰ ਹੋਣੀਆਂ ਸ਼ੁਰੂ ਹੋ ਗਈਆਂ। ਇਕ ਵੈਦਿਕ ਯੁਗ ਦੇ ਰਿਸ਼ੀ ਆਸ਼ਰਮਾ ਵਰਗਾ ਮਾਹੌਲ ਸੀ ਜਿਵੇਂ ਤ੍ਰੇਤੇ ਯੁਗ ਵਿੱਚ ਭਗਵਾਨ ਰਾਮ ਦੀ ਛਤਰ



ਛਾਇਆ ਹੇਠ ਰਿਸ਼ੀ ਸਮੂਹ ਮਹਾਨ ਯੱਗ ਕਰ ਰਿਹਾ ਹੋਵੇ। ਕਰੀਬ 9 ਵਜੇ 100 ਸਮੂਹਕ ਹਵਨ ਅਤੇ ਚੌਪਈ ਦੇ ਪਾਠਾਂ

## ਕੁਦਰਤ ਨਾਲ ਖਿਲਵਾੜ ਤੇ ਕਰੋਨਾ ਦਾ ਕਹਿਰ

– ਡਾ. ਨਿਰਮਲ ਸਿੰਘ ਪੰਜਾਬੀ ਸੱਥ ਲਾਂਬੜਾ (ਜਲੰਧਰ)

ਅਨੰਤ ਹਿਮੰਡ ਦੇ ਅਸੀਮ ਤਾਣੇ-ਬਾਣੇ ਦਾ ਹਿੱਸਾ ਹੈ, ਸਾਡਾ ਸੂਰਜੀ ਮੰਡਲ। ਸੂਰਜ ਦਾ ਆਰ-ਪਰਵਾਰ ਨੇ ਇਹਦੇ ਆਲੇ-ਦਵਾਲੇ ਘੁੰਮਦੇ ਹਿ-ਉਪਹਿ ਅਰਥਾਤ ਚੰਦ ਤੇ ਧੂਮ-ਕੇਤੂ। ਇਨ੍ਹਾਂ ਦਾ ਪੈਂਡਾ ਕਰੋੜਾਂ ਅਰਬਾਂ ਕੋਹਾਂ ਦਾ ਹੋਣ ਕਰਕੇ ਅੰਤਹੀਣ, ਬੇਅੰਤ ਹੈ। ਗੱਲ ਆਪਣੀ ਮਾਂ ਧਰਤੀ ਦੀ ਕਰੀਏ ਤਾਂ ਸੂਝਵਾਨ ਸਿਆਣਿਆਂ ਦਾ ਕਹਿਣਾ ਹੈ ਕਿ ਇੱਥੇ ਨਿਰਜੀਵ ਪਦਾਰਥਾਂ ਦੇ ਕਰੋੜਾਂ ਵਰੇ ਸਜੀਵ ਜੀਵਨ ਦੀ ਅੰਕੁਰ ਬੇਹੱਦ ਮਹੀਨ ਕਣ ਵਾਇਰਸ ਦੇ ਰੂਪ ਵਿੱਚ ਛੁੱਟੀ। ਉਹਦੀ ਗਿਣਤੀ-ਮਿਣਤੀ ਵੀ ਨਿਰੰਤਰ ਵਧਦੀ ਰਹੀ ਤੇ ਉਹ ਰੂਪ ਵਟਾਉਂਦਾ ਲਗਾਤਾਰ ਵਿਕਸਤ ਹੁੰਦਾ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਬਨਸਪਤ ਜਗਤ ਤੇ ਜੀਵ ਸੰਸਾਰ ਦੀਆਂ ਲੱਖਾਂ ਵੰਨਗੀਆਂ, ਲੱਖਾਂ ਵਰ੍ਹਿਆਂ ਵਿੱਚ ਧਰਤੀ 'ਤੇ ਪਸਰ ਗਈਆਂ। ਵਾਇਰਸ ਦੀਆਂ ਅਨਕਾਂ ਕਿਸਮਾਂ ਵੀ ਰੁੱਖਾਂ-ਬੂਟਿਆਂ ਤੇ ਜੀਵ-ਜੰਤੂਆਂ ਦੇ ਜਿਸਮਾਂ ਵਿੱਚ ਜੀਵਨ ਲਈ ਫਾਇਦੇਮੰਦ ਤੇ ਨੁਕਸਾਨਦੇਹ ਕਿਰਦਾਰ ਸਮੇਂ ਤੇ ਸਥਾਨ ਅਨੁਸਾਰ ਨਿਭਾਉਂਦੀਆਂ ਆ ਰਹੀਆਂ ਹਨ। ਕੁਦਰਤ ਨੇ ਸਮੁੱਚੇ ਜੀਵ-ਜੰਤੂਆਂ ਦਾ ਵਿਕਾਸਮਈ ਸਮਤੋਲ ਬਰਕਰਾਰ ਰੱਖਣ ਦਾ ਪੁਖਤਾ ਪ੍ਰਬੰਧ ਵੀ ਸਦਾ ਹੀ ਕਾਇਮ ਰੱਖਿਆ। ਮਿਸਾਲ ਦੇ ਤੌਰ 'ਤੇ ਇੱਕ ਜੰਗਲ ਵਿੱਚ ਮਾਸਾਹਾਰੀ ਸ਼ੇਰ ਤੇ ਸ਼ਾਕਾਹਾਰੀ ਹਿਰਨ ਖੁੱਲ੍ਹੇ-ਡੁੱਲ੍ਹੇ ਵਿਚਰਦੇ ਰਹੇ। ਇੰਝ ਹੀ ਵਾਇਰਸ, ਬੈਕਟੀਰੀਆ ਦੀ ਕਹਾਣੀ ਹੈ। ਅਸਮਾਨ, ਸਮੁੰਦਰੀ ਜੀਵਾਂ ਦਾ ਜੀਵਨ ਬਿਰਤਾਂਤ ਵੀ ਇਹੋ ਸਮਝਾਉਂਦਾ ਹੈ ਕਿ ਥੋੜੀ ਗਿਣਤੀ ਵਾਲੇ ਵੱਡੇ ਸਮੁੰਦਰੀ ਮੁਛ-ਕੱਛ ਆਪਣਾ ਅਹਾਰ ਬੇਹਿਸਾਬੀ ਵੱਡੀ ਗਿਣਤੀ ਵਾਲੇ ਜੀਵਾਂ ਨੂੰ ਹੀ ਬਣਾਉਂਦੇ ਹਨ।


ਵਿਗਾੜ ਕਿੱਥੇ ਪਿਆ ? ਜਦੋਂ ਵੀ ਇਹ ਸਮਤੋਲ ਵਿਗੜਿਆ ਤਾਂ ਸਿੱਟੇ ਭਿਆਨਕ ਨਿੱਕਲੇ। ਧੜਵੈਲ ਵੱਡ-ਆਕਾਰੀ ਡਾਇਨਾਸੋਰਾਂ ਨੂੰ ਜਦੋਂ ਆਪਣੀ ਹੀ ਭੁੱਖ ਨੇ ਸਤਾਇਆ ਤਾਂ ਉਹਨਾਂ ਧਰਤੀ ਦੇ ਛੋਟੇ ਜੀਅ-ਜੰਤ ਤਾਂ ਇੱਕ ਪਾਸ ਬਨਸਪਤੀ ਦੀ ਵੀ ਅਲਖ ਮੁਕਾਉਣ 'ਚ ਅੱਤ ਕਰ ਦਿੱਤੀ। ਆਖਰਕਾਰ ਉਹ ਆਪਣੀ ਹੀ ਹਵਸ ਦੇ ਸ਼ਿਕਾਰੀ ਹੋ ਕੇ ਸਦਾ-ਸਦਾ ਲਈ ਇਸ ਰੰਗਲੀ ਧਰਤੀ ਤੋਂ ਅਲੋਪ ਹੋ ਗਏ। ਉਦਾਰਹਨਾਂ ਹੋਰ ਵੀ ਦਿੱਤੀਆਂ ਜਾ ਸਕਦੀਆਂ ਨੇ। ਅਸੀਂ ਆਪਣੇ ਵਿਸ਼ੇ ਨੂੰ ਮੋੜਾ ਕੱਟੀਏ। ਮਨੁੱਖ ਜਾਤੀ ਨੇ ਭਰਮ ਪਾਲ ਲਿਆ ਕਿ ਉਹ ਸਾਰੇ ਜੀਅ-ਜੰਤੂ ਤੋਂ ਉੱਤੇ ਤੇ ਵੱਧ ਸਿਆਣੀ ਹੈ। ਉਹਨੇ ਕੁਦਰਤੀ ਵਰਤਾਰਿਆਂ ਨਾਲ ਹੋਏ ਵਿਕਾਸ ਦੇ ਇਤਿਹਾਸ ਨੂੰ ਸਮਝਣ ਦੀ ਥਾਂ ਆਪਣੀ ਨਿੱਜਵਾਦੀ ਸੋਚ ਕਾਰਨ ਕੁਦਰਤ 'ਤੇ ਹੀ ਕਾਠੀ ਪਾਉਣ ਦੀ ਠਾਣ ਲਈ। ਇਸ ਵਰਤਾਰੇ ਨੂੰ ਮਨੁੱਖ ਨੇ ਵਿਕਾਸ, ਤਰੱਕੀ, ਅੱਗੇ ਵਧਣ, ਸੱਭਿਅਕ, ਆਧੁਨਿਕ, ਉਸਾਰੂ, ਪ੍ਰਗਤੀਵਾਦੀ ਤੇ ਪਤਾ ਨਹੀਂ ਹੋਰ ਕਿੰਨੇ ਕੁ ਨਾਂ ਦੇ ਕੇ ਵਿਗਿਆਨ ਨੂੰ ਵੀ ਵਿੱਚ ਹੀ ਘੜੀਸ ਲਿਆ। ਹਕੀਕਤ ਵਿੱਚ ਵਿਗਿਆਨ, ਗਿਆਨ ਦੀ ਉਹ ਸ਼ਾਖ ਹੈ, ਜਿਸ ਰਾਹੀਂ ਅਸੀਂ ਕੁਦਰਤੀ ਵਰਤਾਰਿਆਂ ਦੀ ਥਾਹ ਪਾ ਕੇ ਕੁਦਰਤ ਨਾਲ ਇੱਕਸੁਰ ਹੋ ਕੇ ਕਿਸੇ ਸਿੱਟੇ 'ਤੇ ਪੁੱਜਦੇ ਹਾਂ। ਇਹ ਵਰਤਾਰਾ ਭਾਵੇਂ ਕਾਫੀ ਪੁਰਾਣਾ ਹੈ ਪਰ ਅਜੋਕੇ ਸਮਿਆਂ 'ਚ ਇਹਦਾ ਮੁੱਢ ਸਤਾਰਵੀਂ-ਅਠਾਰ੍ਹਵੀਂ ਸਦੀ ਵਿੱਚ ਬੱਝਦਾ ਹੈ।




ਸਨਅਤੀ ਇਨਕਲਾਬ ਕਾਰਨ ਨਿੱਕੇ-ਨਿੱਕੇ, ਥੋੜੀ ਵਸੋਂ ਵਾਲੇ, ਕੁਦਰਤ ਦੀਆਂ ਨੇਹਮਤਾਂ ਦਾ ਨਿੱਘ ਮਾਣ ਰਹੇ ਪਿੰਡ ਮਨੁੱਖ ਵੱਲੋਂ ਉਸਾਰੇ ਵੱਡੇ-ਵੱਡੇ ਸ਼ਹਿਰਾਂ ਦੀ ਭੀੜ ਵਿੱਚ ਗੁਆਚ ਗਏ। ਕਿਰਸਾਨੀ ਸਮੇਤ ਸਾਰੇ ਹੀ ਕਸਬੇ ਕਿੱਤੇ, ਸਬਰ-ਸੰਤੋਖ ਵਾਲੀ ਜੀਵਨ ਸ਼ੈਲੀ ਵਿਸਾਰ, ਲੋਭੀ-ਲਾਲਚੀ ਮੁਨਾਫੇਖੋਰ ਵਪਾਰਕ ਸੋਚ ਵਿੱਚ ਧਸਦੇ ਹੀ ਚਲੇ ਗਏ। ਸਦੀਆਂ ਤੋਂ ਚੱਲਿਆ ਆ ਰਿਹਾ ਪਰਵਾਰਕ ਤਾਣਾ-ਬਾਣਾ ਤੇ ਭਾਈਚਾਰਕ ਰਿਸ਼ਤੇਦਾਰੀ ਵਾਲਾ ਨਿਜਾਮ, ਬਾਜਾਰੂ ਰੂਪ ਵਟਾ, ਵਰਿਆਂ ਵਿੱਚ ਹੀ ਹੋਰ ਦਾ ਹੋਰ ਹੁੰਦਾ ਚਲਾ ਗਿਆ। ਖਾਣ-ਪੀਣ, ਪਹਿਨਣ, ਪਰਚਣ, ਆਵਾਜਾਈ, ਸੰਚਾਰ, ਖੇਡਣ-ਮੱਣ, ਜੀਅ ਪਰਚਾਉਣ, ਗਾਉਣ-ਵਜਾਉਣ, ਲਿਖਣ-ਪੜ੍ਹਨ ਗੱਲ ਕੀ ਸਭ ਕੁਝ ਹੀ ਭੋਗਵਾਦ ਦੀ ਭੇਟ ਚੜ੍ਹ ਗਿਆ। ਮਨੁੱਖ ਕੁਦਰਤ ਨਾਲੋਂ, ਸਰਬੱਤ ਨਾਲੋਂ, ਟੁੱਟਦਾ-ਟੱਟਦਾ ਸਿਰਫ ਤੇ ਸਿਰਫ ਆਪਣੀਆਂ ਨਿੱਜੀ ਖਾਹਸ਼ਾਂ, ਉਮੰਗਾਂ, ਰੀਝਾਂ, ਹਵਸ ਤੇ ਵਿਕਾਸ ਤੀਕਰ ਸੀਮਤ ਹੋ

**ਮੈਨੂੰ ਇੱਕ ਗੱਲ ਯਾਦ ਆਉਂਦੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਸ੍ਰੀ ਭੈਣੀ ਸਾਹਿਬ ਆ ਕੇ ਆਪਣੀ ਦੁਕਾਨ ਖੋਲ੍ਹੀ ਤਾਂ ਉਹਦੇ ਨਾਲ ਲੰਗਰ ਦਾ ਵੀ ਪ੍ਰਬੰਧ ਕੀਤਾ। ਪਹਿਲੀ ਵਾਰੀ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੇ ਜੋ ਲੰਗਰ ਦੀ ਪ੍ਰਥਾ ਹੈ ਉਹ ਇਕ ਸਮਾਜੀ ਨਿਆਂ ਦੀ ਪ੍ਰਥਾ ਸੀ ਕਿ ਕੋਈ ਮੇਰੇ ਆਲੇ-ਦੁਆਲੇ ਵਿੱਚ ਭੁੱਖਾ ਨਹੀਂ ਸੌਣਾ ਚਾਹੀਦਾ।** ਇਹੀ ਲੰਗਰ ਹੈ ਜਿਸ ਨੇ ਜਲ੍ਹਿਆਂ ਵਾਲੇ ਬਾਗ਼ ਤੋਂ ਪਹਿਲਾਂ ਪੰਜਾਬ ਵਿੱਚ ਏਕਤਾ ਪੈਦਾ ਕੀਤੀ। ਉਸ ਏਕਤਾ ਤੋਂ ਡਰ ਕੇ ਹੀ ਜਨਰਲ ਅਡਵਾਇਰ ਨੇ ਇਨ੍ਹਾ ਵੱਡਾ ਜ਼ੁਲਮ ਕੀਤਾ। ਉਹਦੇ ਤੋਂ ਬਾਅਦ ਵੀ ਮਾਰਸ਼ਲ ਲਾਅ ਕੀਤਾ ਤੇ ਮਾਰਸ਼ਲ ਲਾਅ ਦਾ ਪਹਿਲਾਂ ਹੁਕਮ ਇਹ ਸੀ ਕਿ ਅੱਗੇ ਤੋਂ ਲੰਗਰ ਨਹੀਂ ਲੱਗਣ ਦੇਣਾ। **ਮੇਰੇ ਨਾਨੀ ਜੀ ਨੇ ਮੇਰੀ ਧਰਮ-ਪਤਨੀ ਜੋ ਬੱਚੇ ਦੀ ਆਸ ਰੱਖਦੇ ਸੀ ਨੂੰ ਚੰਡੀ ਦੀ ਵਾਰ ਦਾ ਗੁੱਟਕਾ ਦਿੱਤਾ। ਮੈਂ ਕਿਹਾ ਬੇਬੇ ਜੀ ਇਹ ਕੀ ਹੈ? ਤਾਂ ਉਹਨਾਂ ਕਿਹਾ ਇਹ ਸਤਿਗੁਰੂ ਰਾਮ ਸਿੰਘ ਜੀ ਦਾ ਸੁਨੇਹਾ ਹੈ ਕਿ ਸਮਾਜ ਵਿੱਚ ਸਮਾਜ ਪੱਖੀ ਤਾਕਤਾਂ ਦਾ ਤੇ ਸਮਾਜ ਦੇ ਖਿਲਾਫ ਲੜਨ ਵਾਲੀਆਂ ਤਾਕਤਾਂ ਦਾ ਇਕ ਸੰਘਰਸ਼ ਹੈ। ਜੇ ਉਸ ਸੰਘਰਸ਼ ਵਿੱਚ ਤੁਸੀਂ ਹਿੱਸੇਦਾਰ ਬਣਨਾ ਹੈ ਤਾਂ ਸਮਾਜ ਵਿੱਚ ਅੱਗੇ ਵਧਣ ਵਿੱਚ ਤੁਹਾਨੂੰ ਇਹ ਮਦਦ ਕਰੇਗੀ।** ਬਾਬਾ ਜੀ ਨੇ ਆਪਣਾ ਮਕਾਨ ਕੁੜੀਆਂ ਦੇ ਸਕੂਲ ਵਾਸਤੇ ਦੇ ਦਿੱਤਾ ਸੀ ਕਿ ਇਸ ਵਿਚੋਂ ਅੱਧਾ ਵੇਚ ਕੇ ਤੁਸੀਂ ਸਕੂਲ ਬਣਾ ਲਵੋ। ਕਿਉਂਕਿ ਕੁੜੀਆਂ ਨੂੰ ਅੱਗੇ ਵਧਣ ਲਈਵਿੱਦਿਆ ਬਹੁਤ ਜ਼ਰੂਰੀ ਹੈ। ਜਦੋਂ ਬਿਹਾਰ ਵਿੱਚ ਕਾਲ ਪਿਆ ਹੋਇਆ ਸੀ ਤਾਂ ਬਾਬਾ ਜੀ ਨੇ ਆਪਣੀ ਕਣਕ ਵਿੱਚੋਂ ਇਕ ਹਿੱਸਾ ਉਹਨਾਂ ਲੋੜਵੰਦਾਂ ਵਾਸਤੇ ਰੱਖਿਆ ਸੀ। ਜਿਹਨਾਂ ਨੂੰ ਖਾਣ ਲਈ ਕੁਝ ਮਿਲ ਨਹੀਂ ਰਿਹਾ ਸੀ। ਬਾਬਾ ਜੀ ਨੇ ਇੱਕ ਕੁੱਤਾ, ਇਕ ਬਿੱਲੀ ਅਤੇ ਇਕ ਕੁੱਕੜ ਪਾਲੇ ਹੋਏ ਸਨ। ਬਾਬਾ ਜੀ ਨੇ ਸਾਨੂੰ ਕਿਹਾ ਕਿ ਇਹ ਸਮਾਜ ਦਾ ਨਕਸ਼ਾ ਹੈ। ਇਹ ਆਪਸ ਵਿਚ ਲੜਦੇ ਨਹੀਂ। ਸਮਾਜ ਵਿੱਚ ਲੜਾਈ ਉਦੋਂ ਹੁੰਦੀ ਹੈ ਜਦੋਂ ਉਹਨਾਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ। ਮੈਂ ਇਹਨਾਂ ਦਾ ਪ੍ਰਬੰਧਕ ਹੋਣ ਕਰਕੇ ਇਹਨਾਂ ਨੂੰ ਲੋੜੀਦੀਆਂ ਚੀਜ਼ਾਂ ਸਮੇਂ ਸਿਰ ਦਿੰਦਾ ਹਾਂ। ਬਾਬਾ ਜੀ ਦੀ ਪ੍ਰੇਰਨਾ ਬਾਬਾ ਕੇਸਰ ਸਿੰਘ ਜੀ ਤੋਂ ਜੋ ਕੁਝ ਵੀ ਲਿਆ ਉਹਨੂੰ ਉਹਨਾਂ ਨੇ ਜੀਵਿਆ ਹੈ।

**ਸ੍ਰੀ ਚਰੰਜੀ ਲਾਲ ਕੰਗਣੀਵਾਲ-** ਨੇ ਕਿਹਾ ਕਿ ਕੋਈ ਐਸਾ ਨਹੀਂ ਹੋਵੇਗਾ ਜੋ ਨਾਮਧਾਰੀ ਇਤਿਹਾਸ ਤੋਂ ਨਾ ਜਾਣੂ ਹੋਵੇ। ਬੜਾ ਕੁੱਝ ਬਰਦਾਸ਼ਤ ਕੀਤਾ ਅੰਗਰੇਜ਼ੀ ਸਰਕਾਰ ਦੇ ਧੱਕੇ 'ਚੋਂ ਖਰੇ ਹੋ ਕੇ ਨਿੱਕਲੇ, ਆਪਣੇ ਸਿਦਕ ਤੋਂ ਥਿੜਕੇ ਨਹੀਂ। ਬਾਬਾ ਭਕਨਾ ਜੀ ਨਾਮਧਾਰੀ ਬਾਬਾ ਕੇਸਰ ਸਿੰਘ ਜੀ ਦੀ ਸੰਗਤ ਤੋਂ ਪ੍ਰਭਾਵਿਤ ਹੋ ਕੇ ਆਪਣੀ ਜੁਆਨੀ ਵੱਲ ਵਧਦੀ ਹੋਈ ਅਵਸਥਾ ਤੋਂ ਮੋੜਾ ਕੱਟਦੇ ਹੋਏ, ਆਪਣੇ ਜੀਵਨ ਨੂੰ ਠੀਕ ਲੀਹ ਤੇ ਢਾਲ ਸੱਕੇ। ਅਮਰੀਕਾ ਵਿਚ ਮਈ 1913 ਨੂੰ ਗਦਰ ਪਾਰਟੀ ਦੀ ਸਥਾਪਨਾ ਤੇ ਉਹਦੇ ਪ੍ਰਧਾਨ ਬਣਨਾ ਤੇ ਪ੍ਰਧਾਨਗੀ ਪਦ ਨੂੰ ਜਿਵੇਂ ਹੱਠ ਨਾਲ, ਅਕੀਦਤ ਨਾਲ ਉਹਨਾਂ ਨੇ ਜਿਉਂਦੇ ਜੀਅ ਨਿਭਾਇਆ। ਉਹ ਬੜਾ ਮਹੱਤਵਪੂਰਨ ਹੈ। ਕਮਾਗਾਟਾਮਾਰੂ ਦਾ ਸਾਕਾ ਇਤਿਹਾਸ ਵਿੱਚ ਬੜਾ ਪ੍ਰਸਿੱਧ ਹੈ ਕਿਉਂਕਿ ਜਦੋਂ ਗਦਰ ਪਾਰਟੀ ਦੀ ਗੱਲ ਕਰਦੇ ਹਾਂ



ਤਾਂ ਬਹੁਤੀ ਵਾਰ ਇਸ ਦੀ ਸਮਝ ਕਾਮਾਗਾਟਾਮਾਰੂ ਸਾਕੇ ਦੇ ਨਾਲ ਹੀ ਆਉਂਦੀ ਹੈ। ਬਾਬਾ ਜੀ ਦੀ ਡਿਊਟੀ ਲਾਈ ਗਈ ਕਿ ਉਸ ਜਹਾਜ ਵਿੱਚ ਪ੍ਰਧਾਨ ਸਾਹਿਬ ਜਾਣਗੇ। ਜਿਹੜੀ ਅਸੀਂ ਹਿੰਦੁਸਤਾਨ ਵਿੱਚ ਗੁਲਾਮੀ ਨੂੰ ਪੁੱਟਣ ਲਈ ਆਜ਼ਾਦੀ ਦੀ ਜੰਗ ਲੜਨੀ ਹੈ ਉਸ ਦਾ ਇਹ ਲੋਕਾਂ ਵਿੱਚ ਪ੍ਰਚਾਰ ਵੀ ਕਰਨਗੇ। ਭਾਈ ਭਗਵਾਨ ਸਿੰਘ ਗਦਰ ਗੂੰਜਾਂ ਵਾਲੇ ਲਿਖਦੇ ਹਨ ਕਿ ਜਦੋਂ ਅਸੀਂ ਫੈਸਲਾ ਕੀਤਾ ਕਿ ਪ੍ਰਧਾਨ ਜੀ ਕੱਲੇ ਨਿਹੱਥੇ ਨਹੀਂ ਜਾਣਗੇ। ਉਹਨਾਂ ਦੀ ਹਿਫਾਜ਼ਤ ਲਈ ਹਥਿਆਰ ਭੇਜਣੇ ਵੀ ਬਹੁਤ ਜ਼ਰੂਰੀ ਹਨ। ਕਰਤਾਰ ਸਿੰਘ ਸਰਾਭਾ ਸੁਣ ਰਿਹਾ ਸੀ ਉਹ ਛੇਤੀ ਨਾਲ ਭਾਈ ਭਗਵਾਨ ਸਿੰਘ ਨਾਲ ਮਾਰਕੀਟ ਵਿੱਚ ਗਿਆ, ਉਥੋਂ ਹਥਿਆਰ ਖਰੀਦੇ, ਗੋਲੀਆਂ ਲਈਆਂ। ਬਾਬਾ ਸੋਹਣ ਸਿੰਘ ਭਕਨਾ ਜੀ ਅੱਗੋਂ ਜਾ ਕੇ ਅਗਵਾਈ ਭਰਦੇ ਹਨ ਕਿ ਉਹ ਹਥਿਆਰ ਉਹੀ ਸਨ ਜਿਹੜੇ ਕਾਮਾਗਾਟਾਮਾਰੂ ਦੇ ਕੁਝ ਸਵਾਰਾਂ ਨੇ ਆਪਣੀ ਰੱਖਿਆ ਲਈ ਵਰਤੋਂ ਵਿੱਚ ਲਿਆਂਦੇ ਸੀ। ਪੰਜਾਬ ਵਿੱਚ

ਕਾਲੇ ਪਾਣੀਆਂ ਦੀ ਗੱਲ ਪ੍ਰਚਲਤ ਸੀ ਕਿ ਕਾਲੇ ਪਾਣੀ ਦੀ ਜਿਹਨੂੰ ਸਜ਼ਾ ਹੋ ਜਾਂਦੀ ਸੀ ਰਿਸ਼ਤੇਦਾਰ ਉਹਦਾ ਜਿਉਂਦੇ ਦਾ ਭੋਗ ਪਾ ਲੈਂਦੇ ਸਨ। ਉਹ ਜੇਲ੍ਹ ਬਣਾਈ ਹੀ ਇਸ ਲਈ ਸੀ ਕਿ ਜੇਕਰ ਕੋਈ ਅੰਗਰੇਜ਼ ਸਰਕਾਰ ਵਿਰੁੱਧ ਬਗਾਵਤ ਦੀ ਜ਼ੁਰਅਤ ਕਰੇ ਤਾਂ ਉਹਦਾ ਹਸ਼ਰ ਕੀ ਹੋਊ ਉਹਦਾ ਨਮੂਨਾ ਕਾਲੇ ਪਾਣੀ ਦੀ ਜੇਲ੍ਹ ਸੀ। ਮਾਸਟਰ ਚਤਰ ਸਿੰਘ ਜੋ ਚਾਰ ਸਾਲ ਪਿੰਜਰਾ ਬੰਦ ਰਹੇ ਉਹਨਾਂ ਨੂੰ ਬਾਹਰ ਕਢਾਉਣ ਦੀ ਆਖਰੀ ਭੁੱਖ ਹੜਤਾਲ ਸੀ। ਉਹ ਬਹੁਤ ਭਿਆਨਕ ਕਿਸਮ ਦੀ ਸੀ। ਉਹ ਮਰਨ ਕਿਨਾਰੇ ਹੋ ਗਏ ਸਨ ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਕੇਸਰ ਸਿੰਘ ਠੱਠਗੜ੍ਹ ਉਹਨਾਂ ਦੇ ਸਾਥੀ ਨਵੇਂ ਜੇਲ੍ਹਰ ਨੂੰ ਮਿਲੇ ਤਾਂ ਜਾ ਕੇ ਉਹਨਾਂ ਨੇ ਮਾਸਟਰ ਚਤਰ ਸਿੰਘ ਨੂੰ ਰਿਹਾਅ ਕੀਤਾ ਤੇ ਪਿੰਜਰੇ 'ਚੋਂ ਬਾਹਰ ਕੱਢਣਾ ਪਿਆ। ਬੰਗਾਲੀ ਦੇਸ਼ ਭਗਤ ਬੜੇ ਨਰਮ ਸਨ ਉਹ ਉਥੋਂ ਦੀਆਂ ਜਿਆਦਤੀਆਂ ਨੂੰ ਬਰਦਾਸ਼ਤ ਨਹੀਂ ਕਰ ਪਉਂਦੇ ਸਨ। ਉਹ ਮਰ ਜਾਂਦੇ ਸਨ ਜਾਂ ਪਾਗਲ ਹੋ ਜਾਂਦੇ ਸਨ। ਪਰ ਪੰਜਾਬ ਦੇ ਗਦਰੀ ਬਾਬਿਆਂ ਨਿਸਚਾ ਕਰ ਲਿਆ ਕਿ ਤਸ਼ੱਦਦ ਦਾ ਮੁਕਾਬਲਾ ਤਸ਼ੱਦਦ ਨਾਲ ਕਰਾਂਗੇ, ਮਰਾਂਗੇ ਜਾਂ ਮਾਰਾਂਗੇ। ਮੁਕਾਬਲੇ ਦਾ ਨਤੀਜਾ ਇਹ ਨਿਕਲਿਆ ਕਿ ਗੋਰੀ ਸਰਕਾਰ ਨੂੰ 1920 ਈ. ਵਿੱਚ ਕਾਲੇ ਪਾਣੀ ਦੀ ਜੇਲ੍ਹ ਬੰਦ ਕਰਨ ਦਾ ਐਲਾਨ ਕਰਨਾ ਪਿਆ। ਲੰਮੀ ਉਮਰ ਬਾਬਾ ਜੀ ਨੇ ਜੇਲ੍ਹ ਵਿੱਚ ਬਤੀਤ ਕੀਤੀ। ਆਜ਼ਾਦੀ ਸੰਗਰਾਮ ਵਿੱਚ ਗਦਰ ਪਾਰਟੀ, ਕਿਰਤੀ ਕਿਸਾਨ ਪਾਰਟੀ, ਨਾਮਧਾਰੀ ਸੰਸਥਾ ਦੀ ਉਹਨਾਂ ਦੇ ਨਾਲ ਨੇੜਤਾ ਲਗਾਤਾਰ ਜਾਰੀ ਰਹਿੰਦੀ ਹੈ। ਕੁੱਟਾਂ ਮਾਰਾਂ ਖਾਦੀਆਂ, ਡਾਂਗਾਂ ਪਠਾਣੀ ਪੁਲਿਸ ਦੀਆਂ, 1938 ਈ. ਵਿੱਚ ਅੰਮ੍ਰਿਤਸਰ ਦਾ ਮੋਰਚਾ, 1939 ਈ. ਵਿੱਚ ਲਾਹੌਰ ਦਾ ਮੋਰਚਾ ਪਰ ਉਹ ਕੋਈ ਵੀ ਅਜੇਹਾ ਪ੍ਰੋਗਰਾਮ ਛੱਡ ਨਹੀਂ ਸਨ ਸਕਦੇ ਜਿੱਥੇ ਉਹ ਆਪ ਅਗਵਾਈ ਨਾ ਕਰਦੇ ਹੋਣ। ਆਜ਼ਾਦੀ ਤੋਂ ਬਾਅਦ ਵੀ ਬਾਬਾ ਜੀ ਲੋਕਾਈ ਦੇ ਸਾਂਝੀਵਾਲਤਾ ਵਾਲੇ ਸੰਕਲਪ ਲਈ ਜੱਦੋ ਜਹਿਦ ਕਰਦੇ ਰਹੇ। 1948 ਵਿੱਚ ਜਦੋਂ ਜੌਲ ਕੈਂਪ ਵਿੱਚ ਉਹਨਾਂ ਨੂੰ ਫੜ੍ਹ ਕੇ ਕੈਦ ਕੀਤਾ ਗਿਆ। ਉਥੇ ਹੀ ਉਹਨਾਂ ਦੇ ਸਰੀਰ ਦਾ ਭੁੱਖ ਹੜਤਾਲ ਨਾਲ ਕੁੱਬ ਨਿਕਲ ਆਇਆ ਸੀ। ਇਹ ਝੋਰਾ ਉਹਨਾਂ ਦਾ ਸਾਰੀ ਉਮਰ ਲਈ ਸੀ ਕਿ ਜਿਸ ਅੰਗਰੇਜ਼ੀ ਜ਼ਾਲਮ ਸਰਕਾਰ ਨਾਲ ਅਸੀਂ ਮੱਥਾ ਲਾਇਆ ਉਹ ਮੇਰਾ ਕੁਝ ਵਿਗਾੜ ਨਹੀਂ ਸਕੇ ਪਰ ਮੇਰੀਆਪਣੀ ਸਰਕਾਰ ਨੇ ਮੇਰਾ ਕੁੱਬ ਕੱਢ ਕੇ ਰੱਖ ਦਿੱਤਾ। ਬਾਬਾ ਜੀ ਦਾ ਜੁਆਨੀ ਤੇ ਇਸਤਰੀ ਜਾਤੀ ਦੀ ਤਰੱਕੀ ਪ੍ਰਤੀ ਸਨੇਹ ਅਤੇ ਫਿਕਰ ਮੰਦੀ ਸਾਡੇ ਸਿਰ ਨੂੰ ਅੱਜ ਵੀ ਠਿਣਕੋਂਦੀ ਹੈ।

**ਸੁਖਦੇਵ ਸਿੰਘ ਸਿਰਸਾ-** ਨੇ ਕਿਹਾ ਕਿ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿੱਚ ਤੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਤੋਂ ਬਾਅਦ ਹਿੰਦੁਸਤਾਨ ਵਿੱਚ ਨਿਆਂਏ ਸ਼ੀਲ, ਬਰਾਬਰੀ ਵਾਲਾ ਸਮਾਜ ਉਸਾਰਨ ਦਾ ਉਹਨਾਂ ਦਾ ਸੁਪਨਾ ਵੀ ਬਹੁਤ ਵੱਡਾ ਸੀ। ਇਸ ਸੁਪਨੇ ਦੀ ਪੂਰਤੀ ਲਈ ਉਹਨਾਂ ਦੇ ਯਤਨ ਵੀ ਬਹੁਤ ਵੱਡੇ ਸਨ। ਬਾਬਾ ਜੀ ਆਪਣੀ 98 ਸਾਲ ਦੀ ਉਮਰ 'ਚ 26 ਸਾਲ ਜੇਲ੍ਹਾਂ ਵਿੱਚ ਰਹੇ। ਜੇਲ੍ਹਾਂ ਦੇ ਵਿੱਚ ਵੀ ਉਹਨਾਂ ਨੇ ਭੁੱਖ ਹੜਤਾਲ ਨੂੰ ਇਕ ਰਾਜਸੀ ਮੰਤਰ ਦੇ ਤੌਰ 'ਤੇ ਵਰਤਿਆ। ਜੇਲ੍ਹ ਦੇ ਵਿੱਚ ਜਿਹੜੇ ਕੈਦੀ ਸਨ ਜਿਹੜੀਆਂ ਉਹਨਾਂ ਨਾਲ ਜਿਆਦਤੀਆਂ ਹੁੰਦੀਆਂ ਸਨ ਉਹਨਾਂ ਦੇ ਮਨੁੱਖੀ ਅਧਿਕਾਰਾਂ ਲਈ ਉਹ ਲਗਾਤਾਰ ਜੇਲ੍ਹ ਵਿੱਚ ਹੜਤਾਲਾਂ ਕਰਦੇ ਰਹੇ। ਬਾਬਾ ਸੋਹਣ ਸਿੰਘ ਭਕਨਾ ਜੀ ਦੇ ਤਿੰਨ ਜੀਵਨ ਬਰਤਾਂਤ, ਸਵੈ ਜੀਵਨੀਆਂ ਦੇ ਰੂਪ ਵਿੱਚ ਮਿਲ ਜਾਂਦੇ ਹਨ। ਤੀਸਰੀ ਉਹਨਾਂ ਦੀ ਸਵੈ ਜੀਵਨੀ ਜਿਹੜੀ ਜਰਮਨ ਦੇ ਇਕ ਇਤਿਹਾਸ-ਕਾਰ ਦੇ ਪੁਸਤਕਾਲੇ ਵਿੱਚੋਂ ਮਿਲੀ ਹੈ। ਅਮਰਜੀਤ ਚੰਦਨ ਨੇ ਉਸ ਰਚਨਾ ਨੂੰ 'ਮੇਰੀ ਆਪ ਬੀਤੀ' ਕਰਕੇ ਛਾਪਿਆ ਹੈ। ਕਿਉਂਕਿ ਬਾਬਾ ਜੀ ਉਰਦੂ ਪੜ੍ਹੇ ਹੋਏ ਸਨ ਤੇ ਉਰਦੂ ਵਿੱਚ ਹੀ ਲਿਖਦੇ ਸਨ। ਉਹਦਾ ਜਿਹੜਾ ਅਨੁਵਾਦ ਉਹਨਾਂ ਨੇ ਛਾਪਿਆ ਉਸ ਅਨੁਵਾਦ ਵਿੱਚ ਬਾਬਾ ਸੋਹਣ ਸਿੰਘ ਭਕਨਾ ਜੀ ਤਿੰਨ ਚੀਜ਼ਾਂ ਦੀ ਨਿਸ਼ਾਨ ਹੀ ਦੇਈ ਕਰਦੇ ਹਨ ਜਿਹਨਾਂ ਨੇ ਉਹਨਾਂ ਦੇ ਜੀਵਨ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ। ਬਾਬਾ ਜੀ ਦੀ ਬਚਪਨ ਦੀ ਸੰਗਤ ਬਹੁਤੀ ਠੀਕ ਨਹੀਂ ਸੀ। ਕੁਸੰਗਤ ਵਿੱਚ ਪੈ ਕੇ ਬਹੁਤ ਅੱਯਾਸ਼ੀ ਵਾਲਾ ਜੀਵਨ ਜੀਉਣ ਲੱਗੇ ਤੇ ਜ਼ਮੀਨ ਦਾ ਵੱਡਾ ਹਿੱਸਾ ਉਹਨਾਂ ਨੇ ਉਸ ਅੱਯਾਸ਼ੀ ਵਿੱਚ ਰੋੜ੍ਹ ਦਿੱਤਾ। ਪਰ ਅਚਾਨਕ ਉਹਨਾਂ ਦਾ ਸੰਪਰਕ ਬਾਬਾ ਕੇਸਰ ਸਿੰਘ ਮੁਹਾਵੇ



ਵਾਲਿਆਂ ਨਾਲ ਹੁੰਦਾ ਹੈ ਤੇ ਉਹਨਾਂ ਦੀ ਸੰਗਤ ਤੋਂ ਬਾਅਦ ਉਹਨਾਂ ਦੇ ਜੀਵਨ ਵਿਚ ਇਕ ਬਹੁਤ ਵੱਡਾ ਪਰਿਵਰਤਨ ਆਉਂਦਾ ਹੈ। ਬਾਬਾ ਕੇਸਰ ਸਿੰਘ ਕਿੱਲੀ ਕਰਕੇ ਉਹ ਨਾਮਧਾਰੀ ਲਹਿਰ ਦੇ ਨੇੜੇ ਆਉਂਦੇ ਹਨ। ਆਪਣੀ ਜੀਵਨੀ ਵਿੱਚ ਉਹ ਕਹਿੰਦੇ ਹਨ ਕਿ ਮੈਂ ਤਿੰਨ ਵੱਡੇ ਸਬਕ ਨਾਮਧਾਰੀ ਲਹਿਰ 'ਚੋਂ ਤੇ ਬਾਬਾ ਕੇਸਰ ਸਿੰਘ ਜੀ ਦੀ ਸੰਗਤ ਕਰਕੇ ਹਾਸਿਲ ਕੀਤੇ। ਉਹ ਇਹ ਕਹਿੰਦੇ ਹਨ ਕਿ ਨਾਮਧਾਰੀਆਂ ਵਿੱਚ ਦੋ ਕਿਸਮ ਦੇ ਲੋਕ ਸਨ- ਇਕ ਉਹ ਜੋ ਬਹੁਤ ਸਨਾਤਨੀ ਵਿਚਾਰਾਂ ਵਾਲੇ ਲੋਕ ਸਨ ਤੇ ਦੂਜੇ ਉਹ ਲੋਕ ਜਿਹੜੇ ਅਧਾਰਵਾਦੀ ਅਤੇ ਖੁੱਲ੍ਹੇ ਵਿਚਾਰਾਂ ਵਾਲੇ ਸਨ। ਬਾਬਾ ਸੋਹਣ ਸਿੰਘ ਭਕਨਾ ਲਿਖਦੇ ਹਨ ਕਿ ਬਾਬਾ ਕੇਸਰ ਸਿੰਘ ਜੀ ਆਜ਼ਾਦ ਖਿਆਲ ਲੋਕਾਂ ਵਿਚੋਂ ਸਨ। ਉਨ੍ਹਾਂ ਤੋਂ ਮੈਂ ਪਹਿਲਾ ਸਬਕ ਜੋ ਨਾਮਧਾਰੀ ਲਹਿਰ ਤੋਂ ਹਾਸਿਲ ਕੀਤਾ ਕਿ ਸਭ ਮਾਨਵ ਜਾਤ ਨੂੰ ਇਕ ਸਮਾਨ ਸਮਝਣਾ। ਦੂਸਰਾ ਉਹ ਕਹਿੰਦੇ ਹਨ ਕਿ ਮੈਂ ਨਾਮਧਾਰੀ ਲਹਿਰ ਤੋਂ ਕੁਰਬਾਨੀ ਦਾ ਸਬਕ ਸਿੱਖਿਆ। ਨਾਮਧਾਰੀ ਕੁਰਬਾਨੀਆਂ ਨੂੰ ਉਹਨਾਂ ਨੇ ਆਪਣਾ ਪ੍ਰੇਰਨਾ ਸ੍ਰੋਤ ਬਣਾਇਆ। ਤੀਸਰਾ ਸਬਕ ਜੋ ਬਾਬਾ ਜੀ ਨਾਮਧਾਰੀ ਲਹਿਰ ਤੋਂ ਹਾਸਿਲ ਕਰਦੇ ਹਨ- ਉਹ ਦੇਸ਼ ਭਗਤੀ ਦਾ ਸਬਕ ਸੀ। ਨਾਮਧਾਰੀ ਲਹਿਰ ਨੇ 1857 ਈ. ਤੋਂ ਲੈ ਕੇ 1923 ਈ. ਤੱਕ ਬਰਤਾਨਵੀ ਸਰਕਾਰ ਦੇ ਬਹੁਤ ਵੱਡੇ ਦਮਨ ਸਹੇ। ਭਾਰਤੀ ਕੌਮੀ ਸੁਤੰਤਰਤਾ ਸੰਗਰਾਮ ਵਿੱਚ ਨਾਮਧਾਰੀ ਲਹਿਰ ਦਾ ਇਕ ਆਪਣਾ ਬਹੁਤ ਵੱਡਾ ਇਤਿਹਾਸ ਅਤੇ ਵੱਡਮੁੱਲਾ ਯੋਗਦਾਨ ਹੈ। ਗਦਰ ਲਹਿਰ ਦੇ ਬਾਬਾ ਜੀ ਨੂੰ ਪ੍ਰਧਾਨ ਚੁਣੇ ਜਾਣਾ, ਫਿਰ ਗਦਰ ਲਹਿਰ ਵਿਚ ਜਿਹੜੇ ਮੱਤਭੇਦ ਨੇ ਉਹਨਾਂ ਨੂੰ ਨਜਿੱਠਣਾ, ਹਿੰਦੁਸਤਾਨ ਵਿੱਚ ਗਦਰ ਲਈ ਉਹਨਾਂ ਗਦਰੀਆਂ ਦਾ ਆਉਣਾ, ਇਥੇ ਆ ਕੇ ਜੇਲ੍ਹਾਂ ਵਿੱਚ ਗ੍ਰਿਫਤਰੀਆਂ, ਉਹਨਾਂ ਦਾ ਇਕ ਲੰਮਾ ਇਤਿਹਾਸ ਹੈ। ਮੈਂ ਸਮਝਦਾ ਹਾਂ ਕਿ ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਤੇ ਉਹਨਾਂ ਦੇ ਵਿਚਾਰ ਸਾਡੇ ਲਈ ਇਕ ਅਦਰਸ਼ ਹੋ ਸਕਦੇ ਹਨ। ਅੱਜ ਦੇ ਇਸ ਵਿਅਕਤੀਵਾਦ ਦੇ ਦੌਰ ਵਿੱਚ ਅਸੀਂ ਪੈਸੇ ਦੇ ਇੰਨੇ ਗੁਲਾਮ ਹੋ ਗਏ ਹਾਂ, ਇੰਨੇ ਨਿੱਜਵਾਦੀ ਹੋ ਗਏ ਹਾਂ। ਉੱਥੇ ਬਾਬਾ ਸੋਹਣ ਸਿੰਘ ਭਕਨਾ ਜੀ ਦਾ ਤਿਆਗ ਦੀ ਮੂਰਤੀ ਵਾਲਾ ਜੀਵਨ ਸਾਡੇ ਸਾਰਿਆਂ ਲਈ ਆਦਰਸ਼ ਹੈ। ਅਸੀਂ ਜੇ ਸੱਭਿਅਕ ਸਮਾਜ ਦੀ ਸਿਰਜਣਾ ਕਰਨੀ ਹੈ, ਅਸੀਂ ਜੇ ਨਿਆਂ ਵਾਲੇ, ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨੀ ਹੈ ਤਾਂ ਸਾਨੂੰ ਬਾਬਾ ਸੋਹਣ ਸਿੰਘ ਭਕਨਾ ਜੀ ਤੋਂ ਇਹ ਸਿੱਖਿਆ ਵੀ ਲੈਣੀ ਪਵੇਗੀ ਤੇ ਇਕ ਬਹੁਤ ਵੱਡੀ ਲੜਾਈ ਇਸ ਵਰਣ ਤੇ ਜਾਤ, ਉੱਚੇ ਤੇ ਨੀਵੇਂ ਦਰਜਿਆਂ ਵਾਲੀ ਪ੍ਰਥਾ ਵਿਰੁੱਧ ਵੀ ਲੜਨੀ ਪਵੇਗੀ। ਬਾਬਾ ਜੀ ਦੁਆਰਾ ਆਪਣੀ ਸੁਪਤਨੀ ਦੇ ਨਾਂ ਲਿਖਿਆ ਖੱਤ ਜੋ 15 ਨਵੰਬਰ 1921 ਈ. ਨੂੰ ਅਕਾਲੀ ਅਖਬਾਰ ਵਿੱਚ ਛਪਿਆ ਸੀ ਸਿਰਸਾ ਜੀ ਨੇ ਪੜ੍ਹ ਕੇ ਸੁਣਾਇਆ।

**ਹਰਪਾਲ ਸਿੰਘ ਸੇਵਕ-** ਨੇ ਕਿਹਾ ਕਿ ਆਪਾਂ ਆਜ਼ਾਦੀ ਸੰਗਰਾਮ ਬਾਰੇ ਸੁਣ ਰਹੇ ਹਾਂ ਜੇਕਰ ਅਸੀਂ ਦੇਖੀਏ ਤਾਂ ਇਹਦੀ ਸ਼ੁਰੂਆਤ ਸਿੱਖੀ ਸੱਭਿਆਚਾਰ ਤੋਂ ਹੈ। ਗੁਰੂ ਨਾਨਕ ਦੇਵ ਜੀ ਨੇ 'ਰਾਜੇ ਸੀਂਹ ਮੁਕਦਮ ਕੁਤੇ' ਆਖਣ ਦੀ



ਜ਼ੁਰਅਤ ਕੀਤੀ ਸੀ। ਗੁਰੂ ਨਾਨਕ ਦੇਵ ਜੀ ਵੇਲੇ ਦਾ ਇੱਕ ਭਾਗ ਸੀ, ਸਮਾਜ ਜੋ ਗੁਲਾਮ ਸੀ, ਜਿਸ ਵਿੱਚੋਂ ਮਰਦਈਅਤ ਮਰ ਚੁੱਕੀ ਸੀ ਤੇ ਇਕ ਸਮਾਜ ਸੀ ਜੋ ਉਹਨਾਂ ਨੂੰ ਗੁਲਾਮ ਰੱਖ ਕੇ ਜ਼ੁਲਮ ਕਰ ਰਿਹਾ ਸੀ, ਉਨ੍ਹਾਂ ਵਿੱਚ ਇਨਸਾਨੀਅਤ ਨਹੀਂ, ਹੈਵਾਨੀਅਤ ਸੀ। ਗੁਰੂ ਨਾਨਕ ਜੀ ਹੀ ਸਨ 'ਜਿਨਿ ਮਾਣਸ ਤੇ ਦੇਵਤੇ ਕੀਏ' ਜਿਹਨਾਂ ਨੇ ਦਾਨਵਾਂ ਤੋਂ ਦੇਵਤੇ ਬਣਾਏ ਤੇ ਕਾਇਰਾਂ ਨੂੰ ਮਨੁੱਖ (ਬਹਾਦਰ) ਬਣਾ ਦਿੱਤਾ। ਇਸੇ ਸਿੱਖੀ ਸੱਭਿਆਚਾਰ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਸੁਰਜੀਤ ਕੀਤਾ ਸੀ। ਬਾਬਾ ਸੋਹਣ ਸਿੰਘ ਭਕਨਾ ਜੀ ਨੂੰ ਜਿੱਥੋਂ ਵੀ ਕੁਝ ਮਿਲਿਆ ਉਹਨਾਂ ਉਸ ਨੂੰ ਗ੍ਰਹਿਣ ਕੀਤਾ। 'ਸਬਕ ਸਿਖਾਏ ਨਹੀਂ ਜਾਂਦੇ ਸਿੱਖੇ ਜਾਂਦੇ ਹਨ।' ਬਾਬਾ ਭਕਨਾ ਜੀ ਨੇ ਬਾਬਾ ਕੇਸਰ ਸਿੰਘ ਜੀ ਤੋਂ ਸਿੱਖਿਆ। ਉਹਨਾਂ ਨੂੰ ਜਿੰਦਗੀ ਵਿੱਚ ਜਿਹੜੀ ਵੀ ਕੋਈ ਚੰਗੀ ਗੱਲ, ਜਿਹੜਾ ਵੀ ਗੁਣੀ ਵਿਅਕਤੀ ਮਿਲਿਆ, ਉਸ ਤੋਂ ਸਿੱਖਿਆ। **ਯੁਗ ਪੁਰਸ਼ ਉਹ ਹੁੰਦੇ ਹਨ ਜੋ ਆਪਣੇ ਸਮੇਂ ਵਿੱਚ ਯੁੱਗ ਨੂੰ ਬਦਲ ਦਿੰਦੇ ਹਨ ਤੇ ਬਾਬਾ ਸੋਹਣ ਸਿੰਘ ਭਕਨਾ ਨੇ ਯੁੱਗ ਨੂੰ ਬਦਲਿਆ, ਉਹਨਾਂ ਦੀ ਕੀਰਤੀ ਯੁੱਗਾਂ ਤੱਕ ਰਹੇਗੀ।** ਸਤਿਗੁਰੂ ਜਗਜੀਤ ਸਿੰਘ ਜੀ ਬਾਬਾ ਸੋਹਣ ਸਿੰਘ ਭਕਨਾ ਜੀ ਨੂੰ ਪਿੰਡ ਜਾ ਕੇ ਮਿਲਦੇ ਰਹੇ

ਉਹਨਾਂ ਨਾਲ ਬਚਨ ਬਿਲਾਸ ਕਰਦੇ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਰਿਕਾਰਡ ਉਪਦੇਸ਼ ਵਿੱਚ ਬਚਨ ਹੈ: "ਜਦੋਂ ਮੈਂ ਬਾਬਾ ਜੀ ਨੂੰ ਮਿਲਿਆ ਤਾਂ ਉਹਨਾਂ ਨੇ ਆਖਿਆ ਕਿ ਇਹ ਆਜ਼ਾਦੀ ਅਧੂਰੀ ਹੈ। ਆਜ਼ਾਦੀ ਤਾਂ ਉਹ ਸੀ ਜੋ ਗੁਰੂ ਰਾਮ ਸਿੰਘ ਕਾਇਮ ਕਰਦੇ ਸਨ। ਉਹਨਾਂ ਨੇ ਨਿਰਲਾਲਚ ਤੇ ਨਿਰਲੋਭ ਬਣਾ ਦਿੱਤਾ ਸੀ। ਜਿਹਨਾਂ ਚਿਰ ਸਾਡੇ ਵਿੱਚ ਉਹ ਭਾਵਨਾ ਨਹੀਂ ਆਉਂਦੀ, ਉਹਨਾਂ ਚਿਰ ਸਾਡੀ ਆਜ਼ਾਦੀ ਚਿਰ ਸਥਾਈ ਕਾਇਮ ਨਹੀਂ ਰਹਿ ਸਕਦੀ, ਇਹ ਡਾਵਾਂਡੋਲ ਰਹੇਗੀ। ਬਾਬਾ ਸੋਹਣ ਸਿੰਘ ਭਕਨਾ ਜੀ ਨੇ ਆਪਣੇ ਦੇਸ਼ ਤੇ ਆਪਣੇ ਦੇਸ਼ ਦੇ ਲੋਕਾਂ ਲਈ ਹਰ ਇਕ ਸੁੱਖ ਸੁਵਿਧਾ ਨੂੰ ਠੁਕਰਾ ਦਿੱਤਾ।

**ਪ੍ਰਸਿੱਧ ਕਹਾਣੀਕਾਰ ਸ੍ਰ. ਵਰਿਆਮ ਸਿੰਘ ਸੰਧੂ-** ਬਾਬਾ ਜੀ ਵਿਅੰਗ ਨਾਲ ਕਿਹਾ ਕਰਦੇ ਸਨ ਕਿ ਅੰਗਰੇਜ਼ ਦੀਆਂ ਜੇਲ੍ਹਾਂ ਮੈਨੂੰ ਝੁਕਾ ਨਹੀਂ ਸਨ ਸਕੀਆਂ। ਪਰ ਮੇਰੇ ਆਪਣਿਆਂ ਦੀ ਸਰਕਾਰ ਨੇ ਮੇਰੀ ਪਿੱਠ ਉੱਤੇ ਕੁੱਬ ਦੀ ਮੋਹਰ ਲਾ ਦਿੱਤੀ। ਅਸਲ ਵਿੱਚ ਉਹ ਮਜ਼ਾਕ ਨਾਲ ਇਹ ਗੱਲ ਕਹਿੰਦੇ ਸਨ। ਹਕੀਕਤ ਇਹ ਸੀ ਕਿ ਉਹ ਇਕ ਤਰੀਕੇ



ਨਾਲ ਕਹਿ ਰਹੇ ਸਨ-

ਯੇਹ ਜਿਸਮ ਬੋਝ ਸੇ ਝੁਕ ਕਰ ਦੋਹਰਾ ਹੂਆ ਹੋਗਾ।
ਮੈਂ ਸੱਜਦੇ ਮੇਂ ਨਹੀਂ ਥਾ ਆਪ ਕੋ ਧੋਖਾ ਹੂਆ ਹੋਗਾ।

ਜੇ ਮੇਰਾ ਜਿਸਮ ਝੁੱਕ ਗਿਆ ਹੈ ਤਾਂ ਆਪਣੇ ਲੋਕਾਂ ਦੇ ਦੁੱਖ ਦੇ ਭਾਰ ਨਾਲ ਝੁਕਿਆ ਹੈ। ਆਪਣੇ ਲੋਕਾਂ ਲਈ ਕੀਤੀਆਂ ਹੋਈਆਂ ਕੁਰਬਾਨੀਆਂ ਕਰਕੇ ਝੁਕਿਆ ਹੈ। ਮੇਰੇ ਲੱਕ ਨੂੰ ਤੁਹਾਡੀ ਸਰਕਾਰ ਦੇ ਜ਼ੁਲਮ ਕਦੀ ਨਹੀਂ ਝੁਕਾ ਸਕਦੇ। ਬਾਬਾ ਸੋਹਣ ਸਿੰਘ ਭਕਨਾ ਜੀ ਸੰਨ 1955 ਈ. ਵਿੱਚ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲੇ। ਬਾਬਾ ਜੀ ਕਹਿੰਦੇ ਸਨ ਕਿ ਪੰਡਿਤ ਜਵਾਹਰ ਲਾਲ ਨਹਿਰੂ ਸਾਡਾ ਬੜਾ ਅਦਬ ਕਰਦਾ ਸੀ। ਅਸੀਂ ਤੇਜਾ ਸਿੰਘ ਸੁਤੰਤਰ ਦੇ ਵਰੰਟ ਮਨਸੂਖ ਕਰਵਾਉਣ ਲਈ ਗਏ ਸੀ। ਪੰਡਿਤ ਜੀ ਨੇ ਉਹ ਵਰੰਟ ਤਾਂ ਮਨਸੂਖ ਕਰ ਦਿੱਤੇ ਪਰ ਨਾਲ ਹੀ ਕਹਿਣ ਲੱਗੇ ਬਾਬਾ ਜੀ ਹੁਣ ਤਾਂ ਦੇਸ਼ ਆਜ਼ਾਦ ਹੋ ਗਿਆ ਹੁਣ ਕਾਹਦੀ ਸਮੱਸਿਆ ਹੈ। ਬਾਬਾ ਜੀ ਦੀ ਉਸ ਵੇਲੇ ਦੀ ਤਸਵੀਰ ਦੇਸ਼ ਭਗਤ ਹਾਲ ਵਿੱਚ ਪਈ ਹੈ। ਬਾਬਾ ਜੀ ਉਂਗਲੀ ਸਿੱਧੀ ਕਰਕੇ ਪੰਡਿਤ ਨਹਿਰੂ ਨੂੰ ਸੰਬੋਧਨ ਹੋ ਰਹੇ ਹਨ ਤੇ ਕਿਹਾ ਪੰਡਿਤ ਜੀ ਹਿੰਦੋਸਤਾਨ ਬੇਸ਼ੱਕ ਆਜ਼ਾਦ ਹੋ ਗਿਆ, ਪਰ ਹਿੰਦੋਸਤਾਨੀ ਅਜੇ ਵੀ ਗੁਲਾਮ ਹਨ। ਜਿਹਨਾਂ ਚਿਰ ਤੱਕ ਹਿੰਦੋਸਤਾਨੀ- ਆਰਥਿਕ, ਰਾਜਨੀਤਿਕ ਅਤੇ ਬੌਧਿਕ ਤੌਰ ਉੱਤੇ ਆਜ਼ਾਦ ਨਹੀਂ ਹੁੰਦੇ ਉਹਨਾਂ ਚਿਰ ਤੱਕ ਜਿਹੜੀ ਆਜ਼ਾਦੀ ਆਈ ਹੈ ਉਸ ਦੇ ਕੋਈ ਅਰਥ ਨਹੀਂ ਹਨ। ਬਾਬਾ ਜੀ ਨੂੰ ਮਿਲਣ ਦਾ ਕਈ ਵਾਰ ਸਬੱਬ ਮਿਲਿਆ। ਬਾਬਾ ਜੀ ਕਹਿੰਦੇ ਸਨ ਕਿ ਮੈਂ ਆਪਣੀ ਜਿੰਦਗੀ ਵਿੱਚ ਬੁਨਿਆਦੀ ਸੂਤਰ ਨਾਮਧਾਰੀ ਪੰਥ ਤੋਂ ਲਏ ਸਨ। ਇਕ ਸੂਤਰ ਜੋ ਬਾਬਾ ਜੀ ਨੇ ਬਤੌਰ ਲੇਖਕ ਮੈਨੂੰ ਦਿੱਤਾ ਸੀ। ਉਹਨਾਂ ਨੇ ਇੱਕ ਗੱਲ ਕਹੀ ਸੀ ਕਿ ਬੰਦੇ ਦਾ ਕਦੇ ਮਰਨ ਨੂੰ ਚਿੱਤ ਨਹੀਂ ਕਰਦਾ। ਅਸਲ ਵਿੱਚ ਜਿਹੜੇ ਸ਼ਹੀਦ ਹੁੰਦੇ ਹਨ ਉਹਨਾਂ ਦੇ ਅਚੇਤ ਮਨ ਵਿੱਚ ਕਿਤੇ ਨਾ ਕਿਤੇ ਸੂਖਮ ਅਹਿਸਾਸ ਜਿਹਦੇ ਬਾਰੇ ਉਹ ਭਾਵੇਂ ਸੁਚੇਤ ਨਾ ਹੋਣ, ਪਰ ਉਹਨਾਂ ਦੇ ਮਨ ਵਿੱਚ ਇਹ ਗੱਲ ਪਈ ਹੁੰਦੀ ਹੈ ਕਿ ਜਦੋਂ ਉਹ ਹੱਸਦੇ ਹੋਏ ਫਾਂਸੀ ਦੇ ਰੱਸੇ ਆਪਣੇ ਗਲ ਵਿੱਚ ਪਾ ਰਹੇ ਹੁੰਦੇ ਹਨ ਤਾਂ ਮਨ ਵਿੱਚ ਸੂਖਮ ਅਹਿਸਾਸ ਲੁਕਿਆ ਹੁੰਦਾ ਹੈ ਕਿ ਬੇਸ਼ੱਕ ਆਪਣੇ ਆਦਰਸ਼ ਵਾਸਤੇ ਆਪਣੀ ਜਾਨ ਤੱਕ ਕੁਰਬਾਨ ਕਰਾਂਗੇ, ਮਰ ਜਾਵਾਂਗੇ ਪਰ ਮਰਨ ਤੋਂ ਬਾਅਦ ਆਪਣੇ ਲੋਕਾਂ ਦੇ ਚੇਤਿਆਂ ਵਿੱਚ ਜਿਊਂਦੇ ਰਹਾਂਗੇ। ਇਹ ਅਹਿਸਾਸ ਉਹਨਾਂ ਨੂੰ ਖੁਸ਼ੀ-ਖੁਸ਼ੀ ਫਾਂਸੀ ਦੇ ਤਖਤਿਆਂ 'ਤੇ ਚੜ੍ਹਨ ਲਈ ਹੁਲਾਰਾ ਦਿੰਦਾ ਹੈ। ਬਾਬਾ ਜੀ ਨੇ ਜਿਹੜੀ ਸੂਤਰ ਵਾਲੀ ਗੱਲ ਕਹੀ ਸੀ ਉਹ ਇਹ ਸੀ ਕਿ ਨੌਜੁਆਨੋਂ ਜੇ ਚਾਹੁੰਦੇ ਹੋ, ਕਿ ਮਰਨ ਤੋਂ ਬਾਅਦ ਵੀ ਜਿਊਂਦੇ ਰਹੋਂ ਤਾਂ 'ਅਜਿਹਾ ਕੋਈ ਕੰਮ ਕਰ ਜਾਵੋ ਜਿਹੜਾ ਤੁਹਾਡੇ ਮਰਨ ਤੋਂ ਬਾਅਦ ਲਿਖਿਆ ਜਾ ਸਕੇ, ਜਾਂ ਇਹੋ ਜਿਹਾ ਲਿਖ ਜਾਵੋ ਜਿਹੜਾ ਤੁਹਾਡੇ ਮਰਨ ਤੋਂ ਬਾਅਦ ਪੜ੍ਹਿਆ ਜਾ ਸਕੇ।' ਬਾਬਾ ਜੀ ਦੀ ਇਹ ਸਿੱਖਿਆ ਸਾਡੇ ਸਾਰਿਆਂ ਦੇ ਵਾਸਤੇ ਹੈ। ਨਾਮਧਾਰੀ ਪੰਥ ਬਾਰੇ ਬਾਬਾ ਜੀ ਨੇ ਆਪਣੀਆਂ ਵੱਖ-ਵੱਖ ਜੀਵਨੀਆਂ ਵਿੱਚ ਕਈ ਵਾਰ ਜ਼ਿਕਰ ਕੀਤਾ ਹੈ। ਬਾਬਾ ਕੇਸਰ ਸਿੰਘ ਜੀ ਦੇ ਪ੍ਰਭਾਵ ਹੇਠ ਉਹਨਾਂ ਦੇ ਜੀਵਨ

ਵਿੱਚ ਬਹੁਤ ਵੱਡਾ ਪਰਿਵਰਤਨ ਆਇਆ ਪਰ ਇਹ ਰੌਸ਼ਨੀ ਤੁਰੀ ਸਤਿਗੁਰੂ ਰਾਮ ਸਿੰਘ ਜੀ ਕੋਲੋਂ, ਇਹ ਰੌਸ਼ਨੀ ਤੁਰੀ ਸਤਿਗੁਰੂ ਹਰੀ ਸਿੰਘ ਜੀ ਕੋਲੋਂ, ਅੱਗੇ ਇਹ ਚਲਦੀ ਹੋਈ ਬਾਬਾ ਸੋਹਣ ਸਿੰਘ ਭਕਨਾ ਜੀ ਦੇ ਕੋਲ ਪਹੁੰਚੀ। ਉਹਨਾਂ ਦੀ ਹਨੇਰੀ ਜਿੰਦਗੀ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਚਿਰਾਗ਼ ਬਾਲ ਕੇ ਰੱਖ ਦਿੱਤੇ। ਬਾਬਾ ਸੋਹਣ ਸਿੰਘ ਭਕਨਾ ਜੀ ਲੱਗਭੱਗ 20 ਵਾਰ ਭੈਣੀ ਸਾਹਿਬ ਆਏ ਅਤੇ ਉਹਨਾਂ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਵੀ ਦਰਸ਼ਨ ਕੀਤੇ। ਬਾਬਾ ਜੀ ਕਹਿੰਦੇ ਸਨ ਕਿ ਸਤਿਗੁਰੂ ਹਰੀ ਸਿੰਘ ਜੀ ਨੇ ਕਿਹਾ ਸੀ ਕਿ ਕਲਯੁਗ ਦੀ ਸਫ ਵਲੇਟੀ ਜਾਣ ਵਾਲੀ ਹੈ ਤੇ ਸਤਿਜੁਗ ਦਾ ਪਹਿਰਾ ਆਉਣ ਵਾਲਾ ਹੈ। ਬਾਬਾ ਜੀ ਆਪਣੇ ਤੇ ਨਾਮਧਾਰੀ ਹੋਣ ਦਾ ਫ਼ਖ਼ਰ ਵੀ ਕਰਦੇ ਸਨ। ਸੰਧੂ ਸਾਹਿਬ ਨੇ ਕਿਹਾ ਕਿ ਐਸ ਹਾਲ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਲੇ ਤਸਵੀਰ ਵੇਖ ਕੇ ਮੈਨੂੰ ਬਾਬਾ ਜੀ ਦੇ ਸ਼ਬਦ ਚੇਤੇ ਆ ਰਹੇ ਹਨ ਉਹਨਾਂ ਨੇ ਕਿਹਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਉਹੀ ਪੰਥ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਸਾਜਿਆ ਸੀ, ਉਸੇ ਨੂੰ ਹੀ ਪੁਨਰ ਜੀਵਤ ਕਰਕੇ ਪੰਜਾਬ ਦੇ ਲੋਕਾਂ ਨੂੰ ਸੁੱਤਿਆਂ ਹੋਇਆਂ ਨੂੰ ਮੁੜ ਜਗਾ ਦਿੱਤਾ। ਬਾਬਾ ਜੀ ਨੇ ਕਿਹਾ ਕਿ ਨਾਮਧਾਰੀ ਪੰਥ ਕੋਈ ਵੱਖਰਾ ਪੰਥ ਨਹੀਂ ਇਹ ਸਿੱਖੀ ਦਾ ਪੰਥ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਦਾ ਪੰਥ ਹੈ। ਜ਼ੇਲ੍ਹ ਵਿੱਚ ਜਦੋਂ ਬਾਬਾ ਜੀ ਨੂੰ ਕਿਹਾ ਕਿ ਤੁਸੀਂ ਇਹ ਕਛਹਿਰਾ ਤੇ ਪਗੜੀ ਨਹੀਂ ਪਾ ਸਕਦੇ ਤਾਂ ਬਾਬਾ ਜੀ ਨੇ ਭੁੱਖ ਹੜਤਾਲ ਕਰ ਦਿੱਤੀ। ਭਾਈ ਪਰਮਾਨੰਦ ਝਾਂਸੀ ਤੇ ਹਿਰਦੇਰਾਮ ਹੋਰਾਂ ਨੇ ਉਹਨਾਂ ਦੇ ਨਾਲ ਹੀ ਭੁੱਖ ਹੜਤਾਲ ਕਰ ਦਿੱਤੀ। ਬਾਬਾ ਜੀ ਨੇ ਉਹਨਾਂ ਨੂੰ ਕਿਹਾ ਕਿ 'ਭਲਿਓ ਮਾਣਸੋ ਲੜਾਈ ਤੇ ਸਾਡੀ ਪੱਗ ਦੀ ਹੈ ਤੁਸੀਂ ਕਿਉਂ ਸਾਡੇ ਵਾਸਤੇ ਭੁੱਖੇ ਰਹਿੰਦੇ ਹੋ' ਤਾਂ ਉਹਨਾਂ ਨੇ ਜਵਾਬ ਦਿੱਤਾ ਕਿ 'ਬਾਬਾ ਜੀ ਇਹ ਲੜਾਈ ਤੁਹਾਡੀ ਪੱਗ ਦੀ ਨਹੀਂ, ਇਹ ਲੜਾਈ ਹਿੰਦੋਸਤਾਨ ਦੀ ਪੱਗ ਦੀ ਹੈ।' ਇਸ ਪੱਗ ਦੀ ਲੜਾਈ ਵਿੱਚ ਇਸ ਇੱਜ਼ਤ ਤੇ ਸ਼ਾਨ ਦੀ ਲੜਾਈ ਵਿੱਚ ਅਸੀਂ ਤੁਹਾਡੇ ਨਾਲ ਹਾਂ। ਬਾਬਾ ਸੋਹਣ ਸਿੰਘ ਭਕਨਾ ਤੇ ਉਹਨਾਂ ਦੇ ਪਿੱਛੇ ਜਿਹੜੀਆਂ ਪ੍ਰੇਰਿਤ ਰੂਹਾਂ ਸਨ ਸਤਿਗੁਰੂ ਰਾਮ ਸਿੰਘ ਜੀ ਤੇ ਨਾਮਧਾਰੀ ਲਹਿਰ ਅੱਜ ਵੀ ਕਹਿ ਰਹੀ ਹੈ-

ਹਮ ਫਕੀਰੋਂ ਸੇ ਜੋ ਚਾਹੇ ਦੁਆ ਲੇ ਜਾਏਂ।
ਫਿਰ ਖੁਦਾ ਜਾਨੇ ਕਹਾ ਹਮ ਕੋ ਹਵਾ ਲੇ ਜਾਏ।
ਹਮ ਤੋ ਸਰੇ ਰਾਹ ਲੀਏ ਬੈਠੇ ਹੈਂ ਚਿੰਗਾਰੀ,
ਜਿਸ ਕਾ ਜੀ ਚਾਹੇ ਚਿਰਾਗ਼ੋਂ ਕੋ ਜਲਾ ਲੇ ਜਾਏ।

ਇਹ ਸਾਡੇ ਹੱਥ ਵੱਸ ਹੈ ਅਸੀਂ ਉਹਨਾਂ ਤੋਂ ਚਿੰਗਾਰੀ ਲੈ ਕੇ ਆਪਣੀਆਂ ਰੂਹਾਂ ਨੂੰ ਜਲਾਉਣਾ ਹੈ ਕਿ ਬੁੱਝੇ ਦੇ ਬੁੱਝੇ ਰਹਿਣਾ ਹੈ।

**ਕਾਮਰੇਡ ਸੁਵਰਨ ਸਿੰਘ ਵਿਰਕ–** ਨੇ ਕਿਹਾ ਕਿ 1845 ਈ. ਵਿੱਚ ਬਾਬਾ ਕੇਸਰ ਸਿੰਘ ਜੀ ਦਾ ਜਨਮ ਪਿੰਡ ਮੁਹਾਵੇ ਨਗਰ ਵਿੱਚ ਹੋਇਆ। ਸਤਿਗੁਰੂ ਰਾਮ ਸਿੰਘ ਜੀ ਦੇ ਸੂਬਾ ਬ੍ਰਹਮਾ



ਸਿੰਘ ਜੀ ਤੋਂ ਉਹਨਾਂ ਨੇ ਨਾਮ ਦਾਨ ਲਿਆ। ਬਾਬਾ ਸੋਹਣ ਸਿੰਘ ਭਕਨਾ ਦੇ ਪਿਤਾ ਦਾ ਨਾਮ ਕਰਮ ਸਿੰਘ ਅਤੇ ਮਾਤਾ ਰਾਮ ਕੌਰ ਸੀ। ਬਾਬਾ ਜੀ ਦਾ ਜਨਮ ਪਿੰਡ ਖਤਰਾਏ ਖੁਰਦ ਵਿੱਚ 4 ਜਨਵਰੀ 1870 ਈ. ਨੂੰ ਹੋਇਆ। ਬਾਬਾ ਜੀ ਨੂੰ 65 ਏਕੜ ਜ਼ਮੀਨ ਆਉਂਦੀ ਸੀ। ਸਕੂਲੀ ਪੜ੍ਹਾਈ ਕਰਨ ਤੋਂ ਬਾਅਦ ਜਦੋਂ ਬਾਬਾ ਜੀ ਸ਼ੀਹਰ ਪੜਾਈ ਕਰਨ ਲਈ ਜਾਣ ਲੱਗੇ ਤਾਂ ਘਰ ਵਿੱਚ ਕੋਈ ਹੋਰ ਪੁਰਸ਼ ਨਾ ਹੋਣ ਕਰਕੇ ਬਾਬਾ ਜੀ ਦੀਆਂ ਮਾਤਾਵਾਂ ਨੇ ਉਹਨਾਂ ਨੂੰ ਨਾ ਜਾਣ ਦਿੱਤਾ। ਬਾਬਾ ਜੀ ਦੀ ਇਕ ਸਾਲ ਦੀ ਉਮਰ ਵਿੱਚ ਹੀ ਉਹਨਾਂ ਦੇ ਪਿਤਾ ਚੜ੍ਹਾਈ ਕਰ ਗਏ ਸਨ। ਬਾਬਾ ਜੀ ਆਪਣੀ ਆਤਮ ਕਥਾ ਵਿੱਚ ਲਿਖਦੇ ਹਨ ਕਿ ਉਹਨਾਂ ਨੇ ਪਿੰਡ ਦੀਆਂ ਢਾਣੀਆਂ ਵਿੱਚ 10 ਸਾਲ ਅਯਾਸ਼ੀ ਵਾਲਾ ਜੀਵਨ ਕੱਢਿਆ। ਮਾਤਾਵਾਂ ਨੇ ਜਦ ਬਾਬਾ ਜੀ ਨੂੰ ਸ਼ਰਾਬ, ਮਾਸ, ਸ਼ਿਕਾਰ ਵਿੱਚ ਡੁੱਬਦਿਆਂ ਨੂੰ ਵੇਖਿਆ ਤਾਂ ਉਹਨਾਂ ਨੂੰ ਆਸ ਦੀ ਕਿਰਨ, 'ਬਾਬਾ ਕੇਸਰ ਜੀ ਲੱਗੇ, ਕਿ ਜੇ ਕਿਤੇ ਸੋਹਣ ਸਿੰਘ ਦਾ ਤੇ ਬਾਬਾ ਜੀ ਦਾ ਮੇਲ ਹੋ ਜਾਵੇ ਤਾਂ ਇਹਦੀ ਜ਼ਿੰਦਗੀ ਬਦਲ ਸਕਦੀ ਹੈ। ਬਾਬਾ ਸੋਹਣ ਸਿੰਘ ਭਕਨਾ ਜੀ ਦੇ ਪਿੰਡ ਦੀ ਧਰਮਸ਼ਾਲਾ ਵਿੱਚ ਬਾਬਾ ਕੇਸਰ ਸਿੰਘ ਜੀ ਅਤੇ ਰਾਗੀ ਜਥਾ ਕੀਰਤਨ ਕਰ ਰਿਹਾ ਸੀ। ਬਾਬਾ ਜੀ ਲਿਖਦੇ ਹਨ ਕਿ ਮੈਂ ਆਪਣੇ ਆਪ ਹੀ ਉਹਨਾਂ ਬਾਣੀ ਦੀਆਂ ਤੁਕਾਂ ਜੋ ਰਾਗੀ ਪੜ੍ਹ ਰਹੇ ਸਨ ਵੱਲ ਖਿੱਚਿਆ ਗਿਆ ਤੇ ਉਹਨਾਂ ਨੂੰ ਸਿਰ ਨਿਵਾ ਕੇ ਬੈਠ ਗਿਆ। ਬਾਬਾ ਭਕਨਾ ਜੀ ਲਿਖਦੇ ਹਨ ਕਿ ਕੀਰਤਨ ਦੀ ਸਮਾਪਤੀ ਤੋਂ ਬਾਅਦ ਬਾਬਾ

ਕੇਸਰ ਸਿੰਘ ਜੀ ਨੇ ਉਨ੍ਹਾਂ (ਭਕਨਾ ਜੀ) ਨੂੰ ਕਿਹਾ, "ਪੁੱਤਰ ਮਾਸ ਖਾਂਦਾ ਹੈਂ ਤਾਂ ਖਾਂਦਾ ਰਹੀਂ, ਸ਼ਰਾਬ ਪੀਂਦਾ ਹੈਂ ਤਾਂ ਪੀਂਦਾ ਰਹੀਂ ਪਰ ਕਦੇ-ਕਦੇ ਮੈਨੂੰ ਮਿਲਦਾ ਰਹੀਂ।" ਇਹ ਬਚਨ ਕਰਕੇ ਬਾਬਾ ਕੇਸਰ ਜੀ ਚਲੇ ਗਏ। ਸੱਤਾਂ ਕੁ ਦਿਨਾਂ ਬਾਅਦ ਫੇਰ ਬਾਬਾ ਜੀ ਆਏ ਤੇ ਬਾਬਾ ਭਕਨਾ ਜੀ ਨੂੰ ਬਾਹਰ ਨੂੰ ਲੈ ਗਏ ਤੇ ਉਹਨਾਂ ਨੂੰ ਸਮਝਾਇਆ ਕਿ "ਇਹ ਦੇਹ ਨਿੱਤ ਨਹੀਂ ਰਹਿਣੀ ਹੁਣ ਤੇਰੇ ਸੋਚਣ ਦਾ ਵੇਲਾ ਹੈ।" ਉਸ ਤੋਂ ਬਾਅਦ ਬਾਬਾ ਜੀ ਦੇ ਜੀਵਨ ਵਿੱਚ ਤਬਦੀਲੀ ਆਈ ਅਗਲੇ ਦਿਨ ਜਦੋਂ ਦੋਸਤ ਆਏ ਤੇ ਜਿਹੜੀ ਸ਼ਰਾਬ ਦੀ ਬੋਤਲ ਬਚੀ ਸੀ ਉਸ ਨੂੰ ਭੰਨ ਦਿੱਤਾ ਤੇ ਕਿਹਾ ਕਿ ਸੱਜਣੋ ਹੁਣ ਤੁਹਾਡਾ ਰਾਹ ਹੋਰ ਤੇ ਮੇਰਾ ਹੋਰ। 26 ਕੁ ਸਾਲ ਦੀ ਉਮਰ ਵਿੱਚ ਬਾਬਾ ਸੋਹਣ ਸਿੰਘ ਭਕਨਾ ਬਾਬਾ ਕੇਸਰ ਜੀ ਦੀ ਮਾਰਫਤ ਨਾਮਧਾਰੀ ਸੰਗਤ ਵਿੱਚ ਆਏ। ਸਤਿਗੁਰੂ ਹਰੀ ਸਿੰਘ ਜੀ ਨੂੰ ਬਾਬਾ ਸੋਹਣ ਸਿੰਘ ਭਕਨਾ ਜੀ ਆਪਣੇ ਪਿੰਡ ਵੀ ਲੈ ਗਏ ਤੇ ਉੱਥੇ ਇਕ ਵੱਡਾ ਮੇਲਾ ਵੀ ਕਰਵਾਇਆ। 1907-1908 ਈ. ਵਿੱਚ ਬਾਬਾ ਜੀ ਦੇ ਕੋਲ ਜਿੰਨੀ ਵੀ ਸੰਪਤੀ ਸੀ ਉਹ ਮੁੱਕ ਚੁੱਕੀ ਸੀ। ਬਾਬਾ ਜੀ ਨੂੰ ਉਧਾਰ ਮਿਲਣਾ ਵੀ ਬੰਦ ਹੋ ਗਿਆ ਤੇ ਤਿੰਨ ਹਜ਼ਾਰ ਦਾ ਉਧਾਰ ਉਹਨਾਂ ਦੇ ਸਿਰ ਚੜ੍ਹ ਗਿਆ। ਜਿਸ ਕਰਕੇ ਬਾਬਾ ਜੀ ਨੇ ਬਾਹਰ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਇਕ ਸੇਠ ਨੇ ਕਿਹਾ ਕਿ ਸੋਹਣ ਸਿੰਘ ਤੂੰ ਅੱਜ ਤੱਕ ਜੋ ਵੀ ਦਾਨ-ਪੁੰਨ, ਮੇਲੇ ਕੀਤੇ ਨੇ ਸਾਰਾ ਮੈਨੂੰ ਦੇਦੇ ਮੈਂ ਤੇਰਾ ਸਾਰਾ ਕਰਜ਼ ਦੇ ਦੇਵਾਗਾਂ। ਬਾਬਾ ਜੀ ਨੇ ਕਿਹਾ ਮੈਂ ਜੋ ਕੁਝ ਵੀ ਕੀਤਾ ਰੂਹ ਦੀ ਖੁਸ਼ੀ ਲਈ ਕੀਤਾ ਹੈ ਹੁਣ ਮੈਂ ਇਹਦਾ ਮੁੱਲ ਲੈ ਕੇ ਬੇਜ਼ੁਬਾਨਾ ਨਹੀਂ ਹੋ ਸਕਦਾ। ਬਾਬਾ ਜੀ ਨੇ ਗਦਰ ਪਾਰਟੀ ਬਣਾਈ, ਗਦਰ ਪਰਚਾ ਵੀ ਕੱਢਿਆ। ਬਾਬਾ ਜੀ ਨੇ 26 ਸਾਲ ਦੇਸ਼ ਦੀ ਆਜ਼ਾਦੀ ਵਾਸਤੇ ਜੇਲ੍ਹਾਂ ਕੱਟੀਆ। ਬਾਬਾ ਜੀ ਨੂੰ ਗ੍ਰਿਫਤਾਰ ਕਰਕੇ ਜਦੋਂ ਜੇਲ੍ਹ ਵਿੱਚ ਲਿਜਾਇਆ ਗਿਆ ਤਾਂ ਗਦਰ ਪਾਰਟੀ ਬਾਰੇ ਪੁੱਛ-ਦੱਸ ਕਰਨ ਲਈ ਪੁਲਿਸ ਨੇ ਪਹਿਲਾਂ ਪ੍ਰਲੋਭਨ ਦਿੱਤੇ ਜਦ ਪ੍ਰਲੋਭਨ ਫੇਲ ਹੋ ਗਏ ਤਾਂ ਪੁਲਿਸ ਵਾਲੇ ਕਹਿੰਦੇ, ਬਾਬਾ ਜੀ, ਤੁਸੀਂ ਕੂਕਿਆਂ ਨਾਲ ਰਹੇ ਹੋ, ਤੁਹਾਨੂੰ ਪਤਾ ਹੋਣਾ ਹੈ, ਕੂਕਿਆਂ ਦਾ ਸਰਕਾਰ ਨੇ ਕੀ ਹਸ਼ਰ ਕੀਤਾ ਸੀ। ਕਿਸ ਤਰ੍ਹਾਂ ਉਹਨਾਂ ਨੂੰ ਤੋਪਾਂ ਨਾਲ ਉਡਾਇਆ, ਕਾਲੇ ਪਾਣੀ ਭੇਜਿਆ ਅਤੇ ਘਰ ਘਾਟ ਤੇ ਜਾਇਦਾਦਾਂ ਜ਼ਬਤ ਕਰ ਲਈਆ ਸੀ। ਇਹ ਰਸਤਾ ਹੈ ਜੇ ਸਰਕਾਰ ਨਾਲ ਮੱਥਾ ਲਾਓਗੇ। ਪਰ ਬਾਬਾ ਜੀ ਅਡੋਲ ਰਹੇ। ਮੁਲਤਾਨ ਜੇਲ੍ਹ ਵਿੱਚ ਬਾਬਾ ਜੀ ਨੂੰ ਉਸ ਕੋਠੜੀ ਵਿੱਚ ਰੱਖਿਆ ਜਿਹੜੀ ਕੋਠੜੀ ਦੇ ਸਾਹਮਣੇ ਫਾਂਸੀ ਘਰ ਸੀ। ਜਿਥੇ ਰੋਜ਼ ਦੋ-ਤਿੰਨ ਦੇਸ਼ ਭਗਤ ਟੰਗੇ ਜਾਂਦੇ ਸਨ। ਬਾਬਾ ਜੀ ਕਹਿੰਦੇ ਦੋ ਚਾਰ ਦਿਨ ਜਦੋਂ ਮੈਂ ਦੇਖਿਆ ਤਾਂ ਮੇਰਾ ਸਾਰਾ ਡਰ ਨਿਕਲ ਗਿਆ ਕਿ ਸਿਰਫ ਇੱਕ ਝੂਟਾ ਤੇ ਕੰਮ ਮੁੱਕ ਗਿਆ। ਉਹ ਹੋਰ ਨਿਡਰ ਹੋ ਗਏ। ਬਾਬਾ ਜੀ ਆਪਣੀ ਇੱਕ ਮੁਲਾਕਾਤ ਵਿੱਚ ਲਿਖਦੇ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਇਕ ਵਾਰ ਉਹਨਾਂ ਨੂੰ ਜੇਲ੍ਹ ਵਿੱਚ ਮਿਲਣ ਲਈ ਆਏ ਸਨ। ਸਤਿਗੁਰੂ ਜਗਜੀਤ ਸਿੰਘ ਜੀ ਵੀ ਬਾਬਾ ਜੀ ਨੂੰ ਮਿਲਣ ਉਹਨਾਂ ਦੇ ਪਿੰਡ ਜਾਂਦੇ ਰਹੇ ਸਨ। ਬਾਬਾ ਜੀ ਕਹਿੰਦੇ ਸਨ ਕਿ ਨਾਮਧਾਰੀ ਪੰਥ ਨੇ ਮੈਨੂੰ ਅਯਾਸ਼ ਜੀਵਨ ਵਿੱਚੋਂ ਕੱਢ ਕੇ ਦੇਸ਼ ਭਗਤੀ ਅਤੇ ਪ੍ਰਭੂ ਭਗਤੀ ਦੇ ਨਾਲ ਜੋੜਿਆ ਹੈ।

ਮੰਚ ਸੰਚਾਲਨ ਵੀ ਸ੍ਰ. ਸੁਵਰਨ ਸਿੰਘ ਵਿਰਕ ਜੀ ਨੇ ਕੀਤਾ। ਬਾਬਾ ਸੋਹਣ ਸਿੰਘ ਭਕਨਾ ਜੀ ਦੇ ਪੜਪੋਤੇ ਸ. ਗੁਰਦੀਪ ਸਿੰਘ ਭਕਨਾ ਜੀ ਨੇ ਵੀ ਹਾਜ਼ਰੀ ਭਰੀ। ਸ. ਰਣਜੀਤ ਸਿੰਘ ਦੇਸ਼ ਭਗਤ ਹਾਲ ਜਲੰਧਰ, ਕਾਮਰੇਡ ਨਰਭਿੰਦਰ ਸਿੰਘ, ਤੇਲੂ ਰਾਮ ਕੁਹਾੜਾ, ਜਗਦੀਸ਼ ਰਾਏ, ਜਥੇਦਾਰ ਗੁਰਚਰਨ ਸਿੰਘ ਚੰਨ ਅਤੇ ਆਏ ਹੋਏ ਸਾਰੇ ਬੁਲਾਰਿਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰਪਾਉ ਦੇ ਕੇ ਨਿਵਾਜਿਆ। ਬਾਬਾ ਸੋਹਣ ਸਿੰਘ ਭਕਨਾ ਸਿਮਰਤੀ ਮੇਲਾ ਇੱਕ ਯਾਦਗਾਰੀ ਸਮਾਗਮ ਹੋ ਨਿਬੜਿਆ।

**ਲੁਕਿਆ ਸੱਚ-** ਇਸ ਮੌਕੇ ਤੇ ਕੂਕੇ ਸ਼ਹੀਦਾਂ ਨਾਲ ਸਬੰਧਿਤ ਸੂਬਾ ਸੁਰਿੰਦਰ ਕੌਰ ਖਰਲ ਹੋਰਾਂ ਦੀ ਦਸਤਾਵੇਜ਼ਾਂ ਤੇ ਅਧਾਰਿਤ ਖੋਜ ਭਰਪੂਰ ਪੁਸਤਕ 'ਲੁਕਿਆ ਸੱਚ' ਨੂੰ ਵੀ ਸ੍ਰੀ ਸਤਿਗੁਰੂ ਜੀ ਦੁਆਰਾ ਲੋਕ ਅਰਪਣ ਕੀਤਾ ਗਿਆ। ਇਸ ਪੁਸਤਕ ਵਿੱਚ ਪਟਿਆਲਾ ਆਰਕਾਈਲਜ਼ ਦੇ ਉਹ ਅਸਲ ਦਸਤਾਵੇਜ਼ ਹਨ ਜੋ 1972 ਈ. ਮਲੇਰਕੋਟਲੇ ਸਾਕੇ ਨਾਲ ਸਬੰਧਿਤ ਮਹਾਰਾਜਾ ਪਟਿਆਲਾ ਅਤੇ ਅੰਗਰੇਜ਼ ਸਰਕਾਰ ਦਰਮਿਆਨ ਪੱਤਰ-ਵਿਹਾਰ ਹੋਇਆ। ਕੂਕਿਆਂ ਤੇ ਤਸ਼ੱਦਦ ਦੀ ਮੂੰਹ ਬੋਲਦੀ ਤਸਵੀਰ ਜੋ ਕਿ ਸੂਬਾ ਖਰਲ ਜੀ ਦੀ ਵਰ੍ਹਿਆਂ ਦੀ ਮੁਹਨਤ ਸਦਕਾ ਪਾਠਕਾਂ ਤੱਕ ਪੁੱਜ ਸੱਕੀ।

**2 ਤੋਂ 3 ਨਾਮ ਸਿਮਰਨ** ਉਪਰੰਤ ਹਜ਼ੂਰੀ ਰਾਗੀ ਜਥੇ ਦੇ ਕੀਰਤਨ ਤੋਂ ਪਹਿਲਾਂ ਸਰੀ (ਕੈਨੇਡਾ) ਤੋਂ ਆਏ ਕਾਕਾ ਪਵਿੱਤ੍ਰ ਸਿੰਘ ਸਪੁੱਤਰ ਪਵਨਜੀਤ ਸਿੰਘ ਨੇ ਦਸਮ ਪਾਤਸ਼ਾਹ ਰਚਿਤ ਸ਼ਬਦ- ਪ੍ਰਥਮ ਮਧ ਕੈਟ ਮਦ ਮਥਨ ਮਹਿਖਾਸੁਰੈ' ਗਾਇਨ ਕੀਤਾ, ਤਬਲੇ ਤੇ ਸੰਗਤ ਹਰਪ੍ਰੀਤ ਸਿੰਘ ਜੀ ਨੇ ਕੀਤੀ। ਉਪਰੰਤ ਸੰਤ ਬਲਵੰਤ ਸਿੰਘ ਜੀ ਨੇ ਕੀਰਤਨ ਅਰੰਭ ਕਰਨ ਤੋਂ ਪਹਿਲਾਂ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਰਚਿੱਤ ਹੋਰੀ, 'ਮਾਘ ਬਤੀਤਿ

ਭਏ ਰੁਤ ਫਾਗੁਨ, ਆਇ ਗਈ ਸਭ ਖੇਲਤ ਹੋਰੀ॥'- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਰਾਗ ਪੀਲੂ ਧਮਾਰ ਵਿਚ ਸੁਰ-ਬਧ ਕੀਤੀ। ਹੋਲੇ ਦੇ ਦਿਨਾਂ ਵਿਚ ਆਪ ਜੀ ਇਹ ਹੋਰੀ ਜ਼ਰੂਰ ਗਾਇਆ ਕਰਦੇ ਸਨ। ਸ੍ਰੀ ਸਤਿਗੁਰੂ ਜੀ ਦੁਆਰਾ ਸੁਰ-ਬਧ ਕੀਤੀ ਨੇ ਸਾਨੂੰ ਸਿਖਾਈ 'ਹੋਰੀ ਦਾ ਗਾਇਨ ਸੰਗਤਾਂ ਦੇ ਸਨਮੁਖ ਪੇਸ਼ ਹੈ।

**ਅੱਜ ਰਾਤ ਦੇ ਦੀਵਾਨ:** ਪੌਣੇ ਸੱਤ ਤੋਂ 10 ਵਜੇ ਤੱਕ ਜਥੇ ਸੁਰਿੰਦਰ ਸਿੰਘ ਜੀ ਕੱਕੜ, ਕਵੀਸ਼ਰ ਗੁਰਲਾਲ ਸਿੰਘ ਭੈਣੀ ਸਾਹਿਬ, ਜਥੇਦਾਰ ਹਰਪਾਲ ਸਿੰਘ, ਰਾਗੀ ਮਨਜੀਤ ਸਿੰਘ ਜੀ ਦਿੱਲੀ ਅਤੇ ਸੰਤ ਹਰਪ੍ਰੀਤ ਸਿੰਘ ਜੀ ਪਾਣੀਪਤ ਨੇ ਦੀਵਾਨ ਸਜਾਏ।

**28 ਫੱਗਣ (11 ਮਾਰਚ)-** ਅੰਮ੍ਰਿਤ ਵੇਲੇ ਨਿੱਤ ਕ੍ਰਮ ਅਨੁਸਾਰ 3 ਵਜੇ ਨਾਮ ਸਿਮਰਨ ਦੀ ਆਰੰਭਤਾ ਅਤੇ 4 ਵਜੇ ਹਜ਼ੂਰੀ ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਕੀਤਾ। ਸੰਤ ਹਰਬੰਸ ਸਿੰਘ ਜੀ ਘੁੱਲਾ ਅਤੇ ਸਾਥੀ ਰਾਗੀ ਜਥੇ ਨੇ ਰਸ ਭਿੰਨਾ ਕੀਰਤਨ ਕੀਤਾ। ਅਰਦਾਸ ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਦਿਨ ਦੇ ਦੀਵਾਨਾਂ ਦਾ ਵੇਰਵਾ ਦੱਸਿਆ। 9 ਵਜੇ ਤੋਂ ਆਰੰਭ ਹੋ ਕੇ- ਜਥੇਦਾਰ ਨਿਰਮਲ ਸਿੰਘ ਭੋਏਵਾਲੀ, ਜਥੇਦਾਰ ਸੁਖਵੰਤ ਸਿੰਘ ਮੁਹਾਵਾ, ਜਥੇਦਾਰ ਜਸਬੀਰ ਸਿੰਘ ਖਿਆਲਾ, ਕਵੀਸ਼ਰ ਦਿਲਬਾਗ ਸਿੰਘ ਅਤੇ ਸਾਥੀ, ਜਥੇ ਸੁਰਜੀਤ ਸਿੰਘ ਮੁਸਤਫਾਪੁਰ, ਜਥੇਦਾਰ ਪ੍ਰੀਤਮ ਸਿੰਘ ਬਰਨਾਲਾ, ਰਾਗੀ ਗੁਰਲਾਲ ਸਿੰਘ ਆਦਿ ਜਥੇਦਾਰਾਂ ਅਤੇ ਕਵੀਸ਼ਰੀ ਜਥਿਆਂ ਨੇ ਗੁਰੂ ਜੱਸ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸੰਤ ਗੁਰੂਬਚਨ ਸਿੰਘ ਜੀ ਨੇ ਪੌਣਾ ਘੰਟਾ ਕਥਾ ਕਰਦਿਆਂ ਹੋਲੀ ਅਤੇ ਹੋਲੇ ਮਹੱਲੇ ਦੇ ਇਤਿਹਾਸ ਦਾ ਸੰਖੇਪ ਜਿਕਰ ਕਰਦਿਆਂ ਕਿਹਾ ਕਿ ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਅੰਕਿਤ ਹੋਰੀਆਂ- ਮਾਘ ਬਿਤੀਤ ਭਏ ਰੁਤ ਫਾਗੁਨ, ਆਇ ਗਈ ਸਭ ਖੇਲਤ ਹੋਰੀ॥ ਕੇਵਲ ਨਾਮਧਾਰੀਆਂ ਵਿਚ ਹੀ ਗਾਈਆਂ ਜਾਂਦੀਆਂ ਹਨ। ਪਤਝੜ ਤੋਂ ਬਾਅਦ ਜਿਵੇਂ ਬਸੰਤ ਆਉਂਦੀ ਹੈ, ਜਦੋਂ ਕੰਸ ਦੇ ਪਾਪਾਂ ਦੀ ਸਿਖਰ ਸੀ, ਆਤੰਕ ਸੀ, ਉਸ ਸਮੇਂ ਭਗਵਾਨ ਕ੍ਰਿਸ਼ਨ ਨੇ ਪਾਪੀ ਕੰਸ ਦਾ ਅੰਤ ਕੀਤਾ। ਸਤਿਗੁਰੂ ਗੋਬਿੰਦ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਵੀ ਪਾਪਾਂ ਨਾਲ ਛਾਈ ਪਤਝੜ ਸਮੇਂ ਧਰਮ ਦੀ ਬਸੰਤ ਬਹਾਰ ਬਣ ਪ੍ਰਗਟੇ। ਇਹੋ ਫੱਗਣ ਜੋ ਖੁਸ਼ੀਆਂ ਖੇੜੇ ਲੈ ਕੇ ਆਉਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਉਪਰੰਤ ਉਸੇ ਫੱਗਣ ਨੇ ਜਦੋਂ ਕਿਸੇ ਬਿਰਹਾ ਵਿੰਨੇ ਕੂਕੇ ਦੇ ਦਰ ਤੇ ਦਸਤਕ ਦਿੱਤੀ ਤਾਂ ਅੱਗੋਂ ਉਸ ਦਰਸ਼ਨ ਪ੍ਰੇਮੀਂ ਦਾ ਜੁਆਬ ਸੀ-

ਫੱਗਣ ਫੇਰ ਕਦੀਂ ਆਵੀਂ, ਮੁੱਖ ਆਪਣਾ ਵਿਖਾਈਂ।
ਰਤੀ ਚੈਨ ਨਹੀਂ ਆਵੇ, ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਦਿਨੇ ਰਾਤ ਏਹੋ ਝੋਰਾ,
ਜੈਸੇ ਜਿਗਰ ਵਿਚ ਫੋੜਾ, ਨੈਣੀ ਨੀਂਦ ਨਹੀਂ ਭਾਂਵਦੀ॥

ਸੰਤ ਜੀ ਨੇ ਕਿਹਾ ਕਿ ਸਾਡਾ ਹੋਲਾ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੀ ਉਡੀਕ ਵਿਚ ਹੈ। ਅੱਜ ਦੁਪਹਿਰੇ ਨਾਮ ਸਿਮਰਨ ਤੋਂ ਪਹਿਲਾਂ ਡਾ. ਗੁਰਪਾਲ ਸਿੰਘ ਅਤੇ ਡਾ. ਹਰਸ਼ਿੰਦਰ ਕੌਰ ਪਟਿਆਲੇ ਤੋਂ ਆਏ।ਆਪ ਨੇ 'ਸਾਹਿਬ ਗੁਰੂ ਨਾਨਕ ਦੇਵ ਜੀ ਦੀਆਂ ਮਾਨਵ ਕਲਿਆਨਕਾਰੀ ਸਿਖਿਆਵਾਂ' ਕੌਫੀ ਟੇਬਲ ਬੁੱਕ' ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ। 2 ਤੋਂ 3 ਨਾਮ ਸਿਮਰਨ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸੰਤ ਹਰਬੰਸ ਸਿੰਘ ਜੀ ਅਤੇ ਹਜ਼ੂਰੀ ਰਾਗੀ ਜਥੇ ਨੇ ਪੁਰਾਤਨ ਰੀਤਾਂ ਦਾ ਤੰਤੀ ਸਾਜਾਂ ਨਾਲ ਰਸ-ਭਿੰਨਾਂ ਕੀਰਤਨ ਕੀਤਾ- ਪੰਚਮ ਪਾਤਸ਼ਾਹ ਸਾਹਿਬ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਸ਼ਬਦਾਂ ਦਾ ਗਾਇਨ ਕੀਤਾ ਗਿਆ -

-ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ
ਹਰਿ ਜਨ ਤਾ ਕੈ ਦਰਸਿ ਸਮਾਵਤ॥
-ਗੁਰੁ ਪੂਰਾ ਮੇਰਾ ਗੁਰੁ ਪੂਰਾ॥
ਰਾਮ ਨਾਮੁ ਜਪਿ ਸਦਾ ਸੁਹੇਲੇ ਸਗਲ ਬਿਨਾਸੇ ਰੋਗ ਕੂਰਾ॥
-ਗੁਰੂ ਗੁਰੂ ਗੁਰੁ ਕਰਿ ਮਨ ਮੋਰ॥
ਗੁਰੂ ਬਿਨਾ ਮੈ ਨਾਹੀ ਹੋਰ॥

ਬੇਸ਼ਕ ਬਾਹਰ ਪੰਡਾਲ ਤਿਆਰ ਸੀ ਪਰ ਬਰਸਾਤ ਕਰਕੇ ਪ੍ਰੋਗਰਾਮ 'ਪ੍ਰਤਾਪ ਮੰਦਰ' ਵਿੱਚ ਹੀ ਹੋਏ।ਰਾਤ ਦੇ ਦੀਵਾਨ 6:30 ਤੋਂ ਅਰੰਭ ਹੋ ਗਏ,ਜਥੇ.ਬਲਵਿੰਦਰ ਸਿੰਘ ਪਉਇਆਂ ਵਾਲੇ, ਕਵੀਸ਼ਰ ਜੋਗਾ ਸਿੰਘ ਭੰਗੂਰ ਅਤੇ ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਦੇ ਦੀਵਾਨਾਂ ਉਪਰੰਤ ਸੂਬਾ ਬਲਵਿੰਦਰ ਸਿੰਘ ਦੀ ਅਗੁਆਈ 'ਚ ਸ਼ਾਨਦਾਰ ਕਵੀ ਦਰਬਾਰ ਸੱਜਿਆ ਨਾਮਧਾਰੀ ਸਾਹਿਤ ਸਭਾ ਅਤੇ ਸ੍ਰੀ ਭੈਣੀ ਸਾਹਿਬ ਸਾਹਿਤ ਸਭਾ ਦੇ ਕਵੀਆਂ ਤੋਂ ਬਿਨਾ ਕੁਝ ਗੈਰ ਨਾਮਧਾਰੀ ਕਵੀ ਸੱਜਣਾਂ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। 8:30 ਤੋਂ 11 ਵਜੇ ਰਾਤ ਤੱਕ ਕਵੀ ਸੱਜਣਾ ਨੇ ਆਪਣੀਆਂ ਰਚਨਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਕਵੀ ਦਰਬਾਰ ਦੀ ਪ੍ਰਧਾਨਗੀ ਸਰਦਾਰ ਨਰਿੰਦਰ ਸਿੰਘ ਹੈਪੀ ਜੀ ਨੇ ਕੀਤੀ। ਜਿਨ੍ਹਾਂ ਕਵੀ ਸੱਜਣਾਂ ਨੇ ਕਵੀ ਦਰਬਾਰ ਵਿੱਚ ਹਿੱਸਾ ਲਿਆ ਉਹ ਸਨ- ਸ੍ਰ. ਸਤਨਾਮ

ਸਿੰਘ ਕੋਮਲ, ਬਲਬੀਰ ਸਿੰਘ ਢਿੱਲੋਂ, ਬਲਦੇਵ ਸਿੰਘ ਵੜੈਚ, ਹਰਭਜਨ ਸਿੰਘ ਪਰਵਾਨਾ, ਸੂਬਾ ਬਲਵਿੰਦਰ ਸਿੰਘ ਝੱਲ, ਗੁਰਸੇਵਕ ਸਿੰਘ ਢਿੱਲੋਂ, ਕਰਨੈਲ ਸਿੰਘ ਅਸਪਾਲ, ਜਸਵਿੰਦਰ ਸਿੰਘ ਭਿੰਡਰ, ਬਲਵੰਤ ਸਿੰਘ ਦਸੂਹਾ, ਕਮਾਲ ਸਿੰਘ, ਸੁਖਚੈਨ ਸਿੰਘ ਬਿਸ਼ਨਪੁਰੀ, ਸੂਬਾ ਸੁਰਿੰਦਰ ਕੌਰ ਖਰਲ, ਬੀਬੀ ਰਣਜੀਤ ਕੌਰ, ਬੀਬੀ ਸ਼ਿੰਦਰ ਕੌਰ ਦਿੱਲੀ, ਹਜ਼ਾਰਾ ਸਿੰਘ ਮੰਡ, ਜਗਤਾਰ ਰਾਈਆਂ, ਜਗਵੀਰ ਸਿੰਘ, ਸੁਲੱਖਣ ਸਿੰਘ ਅਟਵਾਲ, ਬਲਵੰਤ ਸਿੰਘ ਵਿਰਕ, ਸੁਰਿੰਦਰ ਸਿੰਘ, ਰਾਗੀ ਮਨਜੀਤ ਸਿੰਘ ਦਿੱਲੀ, ਸੰਤ ਕੌਰ, ਜੁਗਿੰਦਰ ਸਿੰਘ ਕੰਗ, ਬੀਬੀ ਪਰਮਜੀਤ ਕੌਰ ਅਤੇ ਗੁਰਮੀਤ ਸਿੰਘ।

**੨੯ ਫੱਗਣ (12 ਮਾਰਚ) ਹੋਲੇ ਮੱਹਲੇ ਦਾ ਚੌਥੇ ਦਿਨ:** ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਹੋਇਆ। ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਹੈ ਕਿ ਵਾਰੇ ਦੇ ਕੀਰਤਨ ਵਿੱਚ ਵੀ ਢੋਲਕੀ-ਛੈਣੇ ਅਤੇ ਤੰਤੀ ਸਾਜ ਹੁੰਦੇ ਹਨ ਹਰਮੋਨੀਅਮ ਅਲੋਪ ਹੈ। ਸੰਤ ਬਲਵੰਤ ਸਿੰਘ ਜੀ ਦਿਲਰੁਬਾ,ਕਿਰਪਾਲ ਸਿੰਘ ਤਾਰ ਸ਼ਹਿਨਾਈ ਤਿੰਨ ਢੋਲਕੀਆਂ ,ਗੁਰਪ੍ਰੀਤ ਸਿੰਘ ਵਜੀਦ, ਗੁਰਚਰਨ ਸਿੰਘ ਚੰਨ ਅਤੇ ਕਾਕਾ ਗੰਗਾ ਸਿੰਘ ਸਨ- ਵਾਰੇ ਦੇ ਜਥੇ ਵਿੱਚ ਗਾਉਣ ਵਾਲੇ ਅਤੇ ਛੈਣੇ ਵਜਾਉਣ ਵਾਲੇ ਸਨ -ਗੁਰਸ਼ਰਨ ਸਿੰਘ ਗੁੱਛੀ, ਸ਼ਾਮ ਸਿੰਘ, ਸਤਨਾਮ ਸਿੰਘ, ਗੁਰਦੇਵ ਸਿੰਘ ਰਾਇਸਰ, ਬਾਬਾ ਛਿੰਦਾ ਜੀ ਐਲਨਾਬਾਦ, ਲੱਖਾ ਸਿੰਘ ਆਦਿ ਵੱਡੇ ਜਥੇ ਨੇ ਪੰਚਮ ਸੁਰਾਂ ਤੇ ਵਾਰੇ ਦਾ ਕੀਰਤਨ ਕੀਤਾ।

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਮਨਾਉਣ ਬਾਰੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਦੂਸਰੀ ਵਿਸ਼ੇਸ਼ ਇਕੱਤਰਤਾ ਮੌਕੇ ਹੋਈਆਂ ਵਿਚਾਰਾਂ-**

**(12 ਮਾਰਚ, 2020 ਸਵੇਰੇ 8:00 ਵਜੇ, ਸੰਗੀਤ ਹਾਲ, ਸ੍ਰੀ ਭੈਣੀ ਸਾਹਿਬ)**

**ਰਿਪੋਰਟ- ਡਾ. ਪੁਸ਼ਪਿੰਦਰ ਸਿੰਘ**

1. ਮੁੱਖ ਸਮਾਰੋਹ: ਸ੍ਰੀ ਭੈਣੀ ਸਾਹਿਬ
ਸੰਗੀਤ ਸੰਮੇਲ- 21, 22 ਅਤੇ 23 ਨਵੰਬਰ, 2020
ਮੁੱਖ ਮੇਲਾ- 24, 25 ਅਤੇ 26 ਨਵੰਬਰ, 2020

2. ਦੇਸ਼ ਵਿੱਚ ਮੇਲੇ/ਸਮਾਰੋਹ
· ਦਿੱਲੀ
· ਬੰਗਲੌਰ
· ਸਸਰਾਲੀ ਕਲੋਨੀ
· ਮਾਝਾ
· ਇਲਾਕਾ ਜੀਵਨ ਨਗਰ ਆਦਿ

3. ਵਿਦੇਸ਼ਾਂ ਵਿੱਚ ਮੇਲੇ/ਸਮਾਰੋਹ
· ਇੰਗਲੈਂਡ
· ਆਸਟ੍ਰੇਲੀਆ
· ਕੈਨੇਡਾ+ਅਮਰੀਕਾ ਸਾਂਝਾ
· ਅਫਰੀਕਾ
· ਥਾਈਲੈਂਡ

4. ਸੰਗੀਤ ਸੰਮੇਲਨ: ਦਿੱਲੀ

5. 100 ਸਮੂਹਕ ਅਨੰਦ ਕਾਰਜ
ਇਲਾਕਿਆਂ ਦੇ ਪ੍ਰਧਾਨ/ਸੂਬੇ ਸਾਹਿਬਾਨ ਆਪਣੇ ਆਪਣੇ ਖੇਤਰ 'ਚੋਂ ਮੇਲੇ 'ਤੇ ਹੋਣ ਵਾਲੇ ਅਨੰਦ ਕਾਰਜਾਂ ਦੀ ਗਿਣਤੀ/ਲਿਸਟ ਸੂਬਾ ਬਲਵਿੰਦਰ ਸਿੰਘ ਜੀ ਨੂੰ ਭੇਜਣਗੇ।

6. ਅਖੰਡ ਪਾਠ
ਆਦਿ ਗੁਰੂ ਗ੍ਰੰਥ ਸਾਹਿਬ ਦੇ 100 ਅਤੇ ਦਸਮ ਗੁਰੂ ਗ੍ਰੰਥ ਸਾਹਿਬ ਦੇ 10 ਅਖੰਡ ਪਾਠਾਂ ਦੇ ਭੋਗ ਦਸੰਬਰ 2020 ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਪਾਏ ਜਾਣਗੇ।

7. ਸਹਿਜ ਪਾਠ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਤ ਵੱਧ ਤੋਂ ਵੱਧ ਸਧਾਰਨ ਪਾਠ ਕੀਤੇ ਜਾਣ, ਇਨ੍ਹਾਂ ਦੇ ਭੋਗ ਮੁੱਖ ਮੇਲੇ 'ਤੇ ਇਕੱਠੇ ਪਾਏ ਜਾਣਗੇ।

8. ਦਸਮ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਦੂਸਰੀ ਸੈਂਚੀ ਤਿਆਰ ਕਰਕੇ ਸੰਗਤ ਲਈ ਉਪਲਬਧ ਕਰਵਾਈ ਜਾਵੇਗੀ।

9. ਗੁਰਬਾਣੀ ਪਾਠ ਬੋਧ ਸਮਾਗਮ:
· ਸ੍ਰੀ ਭੈਣੀ ਸਾਹਿਬ (ਅੱਸੂ ਦੇ ਮੇਲੇ ਦੌਰਾਨ)
· ਇਲਾਕਾ ਜੀਵਨ ਨਗਰ (20 ਤੋਂ 26 ਮਾਰਚ 2020)
· ਦਿੱਲੀ
· ਅੰਮ੍ਰਿਤਸਰ

10. ਗੁਰਬਾਣੀ ਪਾਠ ਸਿਖਲਾਈ ਕੈਂਪ
ਦੇਸ਼ ਅਤੇ ਵਿਦੇਸ਼ਾਂ ਦੇ ਵੱਖ-ਵੱਖ ਇਲਾਕਿਆਂ ਵਿੱਚ ਬੱਚਿਆਂ ਨੂੰ ਸ਼ੁੱਧ ਗੁਰਬਾਣੀ ਸਿਖਲਾਈ ਲਈ 100 ਕੈਂਪ ਲਗਾਏ ਜਾਣਗੇ।

1. ਪ੍ਰਕਾਸ਼ ਸ਼ਤਾਬਦੀ ਲੋਗੋ, ਬੈਨਰ ਅਤੇ ਸਨਮਾਨ ਚਿੰਨ੍ਹ
ਸਾਰੇ ਸਮਾਰੋਹਾਂ ਵਿੱਚ ਪ੍ਰਕਾਸ਼ ਸ਼ਤਾਬਦੀ ਨਾਲ ਸਬੰਧਤ

ਵਿਸ਼ੇਸ਼ ਤੌਰ 'ਤੇ ਡਿਜ਼ਾਈਨ ਕਰਵਾਏ ਬੈਨਰ ਅਤੇ ਸਨਮਾਨ ਚਿੰਨ੍ਹ ਵਰਤੇ ਜਾਣਗੇ।

2. ਵਿਦਿਅਕ ਸੰਮੇਲਨ

ਜੂਨ 2020 ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਵਿਸ਼ਵ ਨਾਮਧਾਰੀ ਵਿਦਿਅਕ ਜਥਾ (ਨੌਜੁਆਨ) ਅਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦਾ ਸਾਲਾਨਾ ਵਿਦਿਅਕ ਸੰਮੇਲਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ।

3. ਸਿਹਤ ਕੈਂਪ:

· ਅੱਖਾਂ ਦੇ ਚੈੱਕ-ਅਪ ਕੈਂਪ
· ਮੈਡੀਕਲ ਚੈੱਕ-ਅਪ ਕੈਂਪ
· ਡੈਂਟਲ ਚੈੱਕ-ਅਪ ਕੈਂਪ
· ਖ਼ੂਨਦਾਨ ਕੈਂਪ
· ਨੇਤਰਦਾਨ ਕੈਂਪ
· Organ Donation Camp
· ਸਿਹਤ ਜਾਗਰੂਕਤਾ ਕੈਂਪ

4. ਲੋੜਵੰਦ ਮਰੀਜ਼ਾਂ ਦਾ ਮੁਫਤ ਇਲਾਜ

5. CME/ Medical Conference at Sri Bhaini Sahib (Professional Speakers)

6. ਨਸ਼ਾ ਮੁਕਤੀ ਕੈਂਪ

(ਨਸ਼ੇ ਦੇ ਆਦੀ ਮਰੀਜ਼ਾਂ ਦੀ ਨਸ਼ਾ ਮੁਕਤੀ ਲਈ)

7. ਖੇਡ ਟੂਰਨਾਮੈਂਟ (ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ)

· ਰਾਜ ਪੱਧਰੀ ਜੂਨੀਅਰ ਬੈਡਮਿੰਟਨ: ਲੁਧਿਆਣਾ ਜਾਂ ਸ੍ਰੀ ਭੈਣੀ ਸਾਹਿਬ ਵਿਖੇ
· ਜੂਨੀਅਰ ਬੈਡਮਿੰਟਨ ਟੂਰਨਾਮੈਂਟ: ਦਿੱਲੀ ਵਿਖੇ
· ਹਾਕੀ ਟੂਰਨਾਮੈਂਟ: ਸ੍ਰੀ ਜੀਵਨ ਨਗਰ ਵਿਖੇ
· ਫੁੱਟਬਾਲ ਟੂਰਨਾਮੈਂਟ: ਸ੍ਰੀ ਭੈਣੀ ਸਾਹਿਬ ਵਿਖੇ

8. "ਦਿਲ ਕੀ ਦੌੜ" (ਲੁਧਿਆਣਾ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਕਰਕੇ ਹੋਰ ਵਧੀਆ ਢੰਗ ਨਾਲ ਕਰਵਾਈ ਜਾਵੇਗੀ। ਕਿਸੇ ਵਿਸ਼ੇਸ ਹਸਤੀ (celebrity) ਨੂੰ ਬੁਲਾਇਆ ਜਾਵੇਗਾ, ਹੋ ਸਕਿਆ ਤਾਂ ਇਸ ਦੌੜ ਨੂੰ ਹੋਰ ਦੌੜਾਂ ਲਈ Qualifying Run ਦਾ ਦਰਜਾ ਦੁਆਇਆ ਜਾਵੇਗਾ।

9. ਸੋਸ਼ਲ ਮੀਡੀਆ ਕਮੇਟੀ (ਪੰਜਾਬੀ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿੱਚ)

· ਵੱਖ-ਵੱਖ ਖੇਤਰਾਂ/ਵਿਸ਼ਿਆਂ ਨਾਲ ਸਬੰਧਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੋਸਟ ਅਤੇ 2-5 ਮਿੰਟ ਦੇ ਵੀਡਿਓ ਕਲਿੱਪ (ਸ੍ਰੀ ਸਤਿਗੁਰੂ ਜੀ ਦੇ ਵੀਡੀਓ, ਨੂੰ ਸੋਸ਼ਲ ਮੀਡੀਆ ਰਾਹੀਂ ਨਾਮਧਾਰੀ ਅਤੇ ਗੈਰ-ਨਾਮਧਾਰੀ ਸਮਾਜ ਤੱਕ ਪਹੁੰਚਾਉਣਗੇ।

10. ਪੈਂਫਲੈਟ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਬੰਧਤ ਪੈਂਫਲੈਟ ਤਿਆਰ ਕਰਕੇ ਰਾਸ਼ਟਰੀ ਪੱਧਰ 'ਤੇ ਰਿਲੀਜ਼ ਕਰਵਾਏ ਜਾਣਗੇ।

· ਪੰਜਾਬੀ: ਸ. ਵਰਿਆਮ ਸਿੰਘ ਸੰਧੂ / ਸ. ਸੁਰਜੀਤ ਸਿੰਘ ਪਾਤਰ

(ਸ. ਗੁਰਭੇਜ ਸਿੰਘ ਗੁਰਾਇਆ ਅਤੇ ਸੰਤ ਨਿਸ਼ਾਨ ਸਿੰਘ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਬੰਧਤ ਸਮੱਗਰੀ ਮੁਹੱਈਆ ਕਰਵਾ ਕੇ ਤਾਲਮੇਲ ਕਰਨਗੇ)

· ਹਿੰਦੀ: ਡਾ. ਹਰਮੋਹਿੰਦਰ ਸਿੰਘ ਬੇਦੀ (ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਅਤੇ ਸੰਤ ਹਰਪਾਲ ਸਿੰਘ ਸੇਵਕ ਤਾਲਮੇਲ ਕਰਨਗੇ)
· ਅੰਗ੍ਰੇਜ਼ੀ ( )
· ਕੰਨੜਾ: ਡਾ. ਸ਼ਾਰਦਾ ਜੈਗੋਵਿੰਦ (ਗੁ ਰਮੁ ਖ ਸਿੰਘ ਕੁੱਲੂ ਤਾਲਮੇਲ ਕਰਨਗੇ)
· ਥਾਈ ਭਾਸ਼ਾ
· ਉਰਦੂ: ਡਾ. ਅੱਬਾਸ (ਸੰਤ ਨਿਸ਼ਾਨ ਸਿੰਘ ਜੀ, ਸੰਤ ਹਰਪਾਲ ਸਿੰਘ ਸੇਵਕ)

1. ਸੈਮੀਨਾਰ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ

. ਕੇਂਦਰੀ ਯੂਨੀਵਰਸਿਟੀ, ਬਠਿੰਡਾ ਵਿਖੇ (ਸੰਤ ਹਰਪਾਲ ਸਿੰਘ ਸੇਵਕ ਜੀ ਡਾ. ਕੁਲਦੀਪ ਸਿੰਘ ਨਾਲ ਤਾਲਮੇਲ ਕਰਨਗੇ)

· ਦਿੱਲੀ (ਸ. ਗੁਰਭੇਜ ਸਿੰਘ ਗੁਰਾਇਆ)
· ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਸ੍ਰ. ਹਰਵਿੰਦਰ ਸਿੰਘ ਹੰਸਪਾਲ ਜੀ ਵਾਈਸ ਚਾਂਸਲਰ ਨਾਲ ਤਾਲਮੇਲ ਕਰਨਗੇ)

- ਸੈਮੀਨਾਰਾਂ ਵਿੱਚ ਪੜ੍ਹੇ ਚੋਣਵੇਂ ਪਰਚੇ/ਲੇਖਾਂ ਨੂੰ ਪੁਸਤਕ ਰੂਪ ਵਿੱਚ ਛਪਵਾਇਆ ਜਾਵੇਗਾ।

1. ਇੰਟਰਨੈਸ਼ਨਲ ਵੈਜ਼ੀਟੇਰੀਅਨ ਯੂਨੀਅਨ ਦੀ ਸਾਲਾਨਾ ਕਾਨਫਰੰਸ

ਨਾਮਧਾਰੀ ਸੰਗਤ ਦੁਆਰਾ ਦਿੱਲੀ ਵਿਖੇ ਕਰਵਾਈ ਜਾਵੇਗੀ।

2. ਸਮਾਜਕ ਕਾਰਜ: ਪ੍ਰਕਾਸ਼ ਸ਼ਤਾਬਦੀ ਦੇ ਬੈਨਰ ਹੇਠ ਕੀਤੇ ਜਾਣਗੇ।

3. ਹਫਤਾਵਰੀ ਪ੍ਰੋਗਰਾਮ

ਇਲਾਕਿਆਂ ਦੇ ਹਫਤਾਵਰੀ ਪ੍ਰੋਗਰਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਇਸੇ ਬੈਨਰ/ਲੋਗੋ ਹੇਠ ਕੀਤੇ ਜਾਣ।

4. ਗਊ ਰੱਖਿਆ ਸੰਮੇਲਨ, ਦਿੱਲੀ (ਸ. ਗੁਰਭੇਜ ਸਿੰਘ ਗੁਰਾਇਆ)

5. ਵਿਸ਼ੇਸ਼ ਅੰਕ

- ਸਤਿਜੁਗ (ਆ ਚੁੱਕਿਆ ਹੈ)
- ਵਰਿਆਮ
- ਵਰਤਮਾਨ ਹਿੰਦੁਸਤਾਨ

6. ਵਿਸ਼ੇਸ਼ ਸਮਾਜ ਸੇਵੀ ਸ਼ਖ਼ਸ਼ੀਅਤਾਂ ਦੇ ਸਨਮਾਨ ਕੀਤੇ ਜਾਣਗੇ।

7. Adopting Chandigarh-Ludhiana Road for planting trees

8. Dense Forest creation using Native Plants

9. ਜੀਵਨੀ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਇਸ ਸਾਲ ਵਿੱਚ ਤਿਆਰ ਕਰਕੇ ਛਪਵਾਈ ਜਾਵੇ।

10. ਸੰਗੀਤ ਬਾਰੇ ਪੁਸਤਕ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਰੀਤਾਂ ਬਾਰੇ ਪੰਜਾਬੀ ਅਤੇ ਹਿੰਦੀ ਵਿੱਚ ਪੁਸਤਕ।

11. ਚਿੱਤਰ ਪ੍ਰਦਰਸ਼ਨੀ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ।

12. ਸਾਹਿੱਤਕ ਪ੍ਰਕਾਸ਼ਨਾਵਾਂ: ਸੰਤ ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ ਜੀ, ਸ. ਸੁਵਰਨ ਸਿੰਘ ਵਿਰਕ ਜੀ, ਸ. ਗੁਰਭੇਜ ਸਿੰਘ ਗੁਰਾਇਆ ਆਦਿ।

- ਵੱਖ ਵੱਖ ਵਿਸ਼ਿਆਂ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼- ਪੁਸਤਕ
- ਕਾਫੀ ਟੇਬਲ ਪੁਸਤਕ
- ਸ੍ਰੀ ਸਤਿਗੁਰੂ ਜੀ ਦੀਆਂ ਹਸਤਲਿਖਤ ਪਰਚੀਆਂ ਅਤੇ ਪੱਤਰ ਸੰਗ੍ਰਹਿ
- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਕਵਿਤਾਵਾਂ ਦੀ ਪੁਸਤਕ
- ਅਭਿਨੰਦਨ ਗਰੰਥ

13. ਨਵੇਂ ਹਾਲ ਦੀ ਉਸਾਰੀ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ 'ਤੇ

**ਅੱਜ ਦਿਨ ਦੇ ਦੀਵਾਨ** 9 ਵਜੇ ਤੋਂ ਅਰੰਭ ਹੋਏ। ਸੂਬਾ ਬਲਵਿੰਦਰ ਸਿੰਘ ਚੱਕਯਕੂਕ, ਸੂਬਾ ਨਿਰੰਜਨ ਸਿੰਘ ਜੀ ਟਮਕੌਦੀ, ਸੂਬਾ ਅਜੀਤ ਸਿੰਘ ਬਟਾਲਾ, ਜਥੇਦਾਰ ਜਸਪਾਲ ਸਿੰਘ ਜੀ ਸੰਤਨਗਰ ਨੇ ਹੱਲੇ ਦੇ ਦੀਵਾਨ ਸਜਾਏ। ਅੱਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਜਥੇਦਾਰਾਂ, ਪ੍ਰਚਾਰਕਾਂ ਨੇ ਵਡ-ਪ੍ਰਤਾਪੀ ਸਤਿਗੁਰੂ ਜੀ ਦਾ ਜੱਸ ਗਾਇਨ ਕੀਤਾ। ਪੰਡਤ ਯਾਦਵਿੰਦਰ ਸਿੰਘ ਜੀ ਨੇ 12:10 ਤੋਂ 1 ਵਜੇ ਤੱਕ ਕਥਾ ਕੀਤੀ। ਉਪਰੰਤ ਪ੍ਰਤਾਪ ਮੰਦਰ ਦੇ ਬਾਹਰ ਚੜ੍ਹਦੇ ਪਾਸੇ ਖੁਲ੍ਹੇ ਪੰਡਾਲ ਵਿਚ ਹੀ ਸ੍ਰੀ ਸਤਿਗੁਰੂ ਜੀ ਅਤੇ ਰਾਗੀਆਂ ਵਾਸਤੇ ਲੱਕੜ ਦੇ ਬੈਂਚਾ ਦੀ ਸਟੇਜ ਬਣਾ ਕੇ, ਬਿਨਾਂ ਸ਼ਮਿਆਨੇ ਤੋਂ ਵਿਛਾਈ ਕਰਕੇ ਦੁਪਹਿਰ ਦਾ ਪ੍ਰੋਗਰਾਮ ਬਾਹਰ ਹੋਇਆ, ਦੂਰ ਤੱਕ ਸ਼ਾਂਤ ਰੌਣਕ 'ਸਾਧ ਸੰਗਤ ਬੈਕੁੰਠੈ ਆਹਿ' ਦਾ ਦ੍ਰਿਸ਼ ਰੂਪਮਾਨ ਹੋ ਰਿਹਾ ਸੀ।

**ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ:**

ਸ੍ਰ. ਸੁਵਰਨ ਸਿੰਘ ਵਿਰਕ ਨੇ ਮਾਸਟਰ ਨਿਹਾਲ



ਸਿੰਘ ਜੀ ਦੇ ਜੀਵਨ ਅਤੇ ਸਾਹਿਤਕ ਯੋਗਦਾਨ ਬਾਰੇ ਵਿਸਥਾਰ ਸਹਿਤ ਦੱਸਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮਾਸਟਰ ਜੀ ਨੇ ਨਾਮਧਾਰੀ ਵਿਦਿਅਕ ਜਥੇ ਦੀ, ਨਾਮਧਾਰੀ ਦਰਬਾਰ ਦੇ ਪ੍ਰਧਾਨ ਦੀ ਸੇਵਾ ਬੜੀ ਜ਼ੁੰਮੇਵਾਰੀ ਅਤੇ ਯੋਗਤਾ ਨਾਲ ਨਿਭਾਈ। ਮਾਸਟਰ ਜੀ ਦੇ ਸਪੁੱਤਰ ਸ੍ਰ. ਚਰਨਜੀਤ ਸਿੰਘ ਅਤੇ ਮਨਮੋਹਨ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਯਾਦ ਵਿੱਚ ਸਨਮਾਨ ਸ਼ੁਰੂ ਕੀਤਾ। ਹਰ ਵਰ੍ਹੇ ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਨਾਲ ਇਹ ਸਨਮਾਨ ਕਿਸੇ ਸਹਿਤਕਾਰ ਜਾਂ ਪੰਥ ਦੀ ਕਿਸੇ ਸਤਿਕਾਰ ਯੋਗ ਹਸਤੀ ਨੂੰ ਦਿੱਤਾ ਜਾਂਦਾ ਹੈ। **ਇਸ ਵਰ੍ਹੇ ਦਾ ਸਨਮਾਨ ਸੰਤ ਸਾਧਾ ਸਿੰਘ ਮੁਹਾਰਾਂ ਵਾਲੇ (ਦਿੱਲੀ) ਨੂੰ ਦੇਣ ਦੀ ਪ੍ਰਵਾਨਗੀ ਹੋਈ ਹੈ।** ਸੰਤ ਸਾਧਾ ਸਿੰਘ ਜੀ ਬਾਰੇ ਸੇਵਕ ਹਰਪਾਲ ਸਿੰਘ ਨੇ ਦੱਸਿਆ ਕਿ ਸੰਤ ਸਾਧਾ ਸਿੰਘ ਜੀ ਦੇ ਪ੍ਰਵਾਰ ਵਿਚ ਸਤਿਗੁਰੂ ਹਰੀ ਸਿੰਘ ਜੀ ਵੇਲੇ ਤੋਂ ਸਿੱਖੀ ਹੈ। ਇਨ੍ਹਾਂ ਦੇ ਬਜ਼ੁਰਗ ਪਿੰਡ ਮੁਹਾਰ -(ਨਾਰੋਵਾਲ ਜਿਲਾ ਸਿਆਲਕੋਟ) ਤੋਂ ਭਾਰਤ ਆ ਕੇ

ਠੇਠਰਕੇ, ਅੰਮ੍ਰਿਤਸਰ, ਰਾਣੀਆਂ ਹੁੰਦੇ ਹੋਏ ਅਖੀਰ ਦਿੱਲੀ ਸੈਟਲ ਹੋਏ। ਸੰਤ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਸੇਵਾ ਕਰਕੇ ਅਪਾਰ ਖੁਸ਼ੀਆਂ ਦੇ ਪਾਤਰ ਬਣੇ। ਆਪ ਨੇ ਦਿੱਲੀ ਰਮੇਸ਼ ਨਗਰ ਗੁਰਦੁਆਰੇ ਦੇ ਵਿਸਥਾਰ, ਅਤੇ ਨਵ-ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਹੋਏ 53 ਹੋਲੇ ਮਹੱਲਿਆਂ 'ਚੋਂ 52 ਹੋਲੇ ਮਹੱਲਿਆਂ 'ਚ ਸੇਵਾ ਕੀਤੀ। ਗੁਰਦੁਆਰਾ ਰਮੇਸ਼ ਨਗਰ ਅਤੇ ਵੱਡੇ ਮੇਲਿਆਂ ਸਮੇਂ ਲੰਗਰ ਬਣਾਉਣ ਦੀ ਸੇਵਾ ਸੰਤ ਸਾਧਾ ਸਿੰਘ ਜੀ ਕਈ ਵਰ੍ਹਿਆਂ ਤੋਂ ਨਿਭਾਅ ਰਹੇ ਹਨ। ਅੱਸੂ ਦੇ ਮੇਲੇ ਸਮੇਂ ਆਖਰੀ ਦਿਨਾਂ ਵਿਚ ਵੀ ਸੰਤ ਸਾਧਾ ਸਿੰਘ ਜੀ ਆਪਣੇ ਪੂਰੇ ਜਥੇ ਨਾਲ ਆ ਕੇ ਲੰਗਰ ਬਣਾਉਣ ਦੀ ਸੇਵਾ ਸੰਭਾਲਦੇ ਹਨ। ਇਸਤੋਂ ਬਿਨਾਂ ਆਪ ਇਕ ਚੰਗੇ ਪਾਠਕ ਅਤੇ ਸਾਹਿਤਕਾਰਾਂ ਦੇ ਕਦਰਦਾਨ ਵੀ ਹਨ। ਲੇਖਕਾਂ ਦਾ ਮਾਣ ਸਨਮਾਨ ਕਰਨਾ ਅਤੇ ਲੋੜ ਪੈਣ ਤੇ ਆਰਥਿਕ ਸਹਾਇਤਾ ਵੀ ਕਰਦੇ ਹਨ। ਸੰਤ ਸਾਧਾ ਸਿੰਘ ਜੀ ਨੇ ਆਪਣੇ ਘਰ ਨੂੰ ਗੁਰੂ ਘਰ ਹੀ ਸਮਝਿਆ, ਆਪ ਦਾ ਘਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸੰਗੀਤ ਸਿਖਿਆਰਥੀਆਂ ਲਈ ਆਪਣੇ ਘਰ ਵਰਗੀ ਠਾਹਰ ਹੋਇਆ ਕਰਦਾ ਸੀ। ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਤੋਂ ਪ੍ਰਾਪਤ ਹੋਣ ਤੇ ਜਿਥੇ ਸੰਤ ਸਾਧਾ ਸਿੰਘ ਜੀ ਵਧਾਈ ਦੇ ਪਾਤਰ ਹਨ ਉਥੇ ਆਪਣੇ ਮਹਾਨ ਪਿਤਾ ਜੀ ਦੀ ਕੀਰਤੀ ਨੂੰ ਉਜਾਗਰ ਕਰਨ ਵਾਲੇ ਸੁਯੋਗ ਸਪੁਤਰਾਂ ਸ.ਚਰਨਜੀਤ ਸਿੰਘ ਅਤੇ ਸਰਦਾਰ ਮਨਮੋਹਨ ਸਿੰਘ ਦਾ ਉੱਦਮ ਸ਼ਲਾਘਾਯੋਗ ਹੈ।

ਕੀਰਤਨ ਦੀ ਤਿਆਰੀ ਸੀ, ਆਕਾਸ਼ ਵਿੱਚ ਬੱਦਲ ਘੁਲ ਚੁੱਕੇ ਸਨ, ਬਰਸੇ ਕਿ ਬਰਸੇ, ਸ਼ਾਇਦ ਕੀਰਤਨ ਆਰੰਭ ਹੋਣ ਦੀ ਉਡੀਕ ਹੀ ਕਰ ਰਹੇ ਸਨ ਕਿ ਕੁਝ ਜ਼ਰੂਰੀ ਸੂਚਨਾਵਾਂ ਲਈ ਕਵੀਸ਼ਰ ਗੁਰਲਾਲ ਸਿੰਘ ਮੰਚ ਤੇ ਹਾਜ਼ਰ ਹੋਏ।ਸੂਚਨਾਵਾਂ ਦਾ ਸੰਖੇਪ ਸਾਰ:

ਇਹ ਵਰ੍ਹਾ ਸੰਨ 2020 ਈ. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਸ਼ਤਾਬਦੀ ਵਰ੍ਹਾ ਹੈ। ਜੋ ਪੂਰਾ ਸਾਲ ਨਾਮਧਾਰੀ ਸੰਗਤਾਂ ਵਲੋਂ ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਅੱਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਈ ਮੀਟਿੰਗ ਵਿੱਚ ਪ੍ਰੋਗਰਾਮ ਉਲੀਕੇ ਗਏ ਹਨ।

Sri Bhaini Sahib.App ਤੇ ਇਕ ਨਵਾਂ Data ਅਪਲੋਡ ਕੀਤਾ ਗਿਆ ਹੈ ਨਾਮਧਾਰੀ ਨਿਤਨੇਮ (ਗੁਟਕੇ) ਦੀਆਂ ਬਾਣੀਆਂ ਦਾ ਟੀਕਾ, (ਸਰਲ-ਅਰਥ) ਜਿਸਨੂੰ ਸ. ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ, ਭਜਨ ਸਿੰਘ, ਜਸਵੰਤ ਸਿੰਘ ਮਸਤ ਅਤੇ ਮੈਂ (ਗੁਰਲਾਲ ਸਿੰਘ) ਆਦਿ ਨੇ ਮਿਲ ਕੇ ਕੀਤਾ ਹੈ। ਸੰਗਤਾਂ ਡਾਊਨਲੋਡ ਕਰ ਸਕਦੀਆਂ ਹਨ ਐਂਡਰਾਇਡ ਅਤੇ ਆਈਫੋਨ ਤੇ।

Namdhari TV- Youtube Channel ਤੇ ਗੁਰਬਾਣੀ ਪਾਠ ਦੇ ਸ਼ੁੱਧ ਉਚਾਰਨ ਦੀ ਸੰਥਿਆਂ ਰਾਗੀ ਸ਼ਾਮ ਸਿੰਘ ਜੀ ਦਿਆ ਕਰਨਗੇ। 8:30 ਤੋਂ 10:00 ਸਵੇਰੇ ਅਤੇ 8 ਤੋਂ 10 ਰਾਤ ਨੂੰ, ਸੰਗਤਾਂ ਇਸ ਤੋਂ ਲਾਭ ਉਠਾਉਣ।

-20 ਤੋਂ 26 ਮਾਰਚ 2020 ਦਿੱਲੀ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਬੋਧ ਸਮਾਗਮ ਹੋਵੇਗਾ। ਪਾਠੀ ਸਿੰਘ 19 ਮਾਰਚ ਸ਼ਾਮ ਤੱਕ ਪਹੁੰਚਣ ਦੀ ਖੇਚਲ ਕਰਨ। ਇਸ ਪਾਠ ਬੋਧ ਸਮਾਗਮ ਦਾ ਸੰਚਾਲਨ ਸੰਤ ਨਿਸ਼ਾਨ ਸਿੰਘ ਜੀ ਕਰਨਗੇ।

-21-22-23 ਨਵੰਬਰ 2020 ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਸੰਗੀਤ ਸੰਮੇਲਨ ਹੋਵੇਗਾ ਅਤੇ 24-25 ਪ੍ਰਕਾਸ਼ ਸ਼ਤਾਬਦੀ ਮੇਲਾ। 26 ਨਵੰਬਰ ਨੂੰ ਪਾਠਾਂ ਦੇ ਭੋਗਾਂ ਨਾਲ ਮੇਲੇ ਦੀ ਸੰਪੂਰਨਤਾ ਹੋਵੇਗੀ। ਸ੍ਰੀ ਸਤਿਗੁਰੂ ਜੀ ਵਲੋਂ ਉਚੇਚਾ ਹੁਕਮ ਹੈ ਕਿ ਸੰਗਤਾਂ ਉਸ ਮੇਲੇ ਤੱਕ ਵੱਧ ਤੋਂ ਵੱਧ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਕੇ ਲਿਆਉਣ।

**-ਸਤਿਜੁਗ ਦਾ ਸਲਾਨਾ ਅੰਕ:** ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਅੰਕ ਅਤੇ ਸਤਿਜੁਗ ਦਾ ਕੈਲੰਡਰ ਵੀ ਆ ਚੁੱਕਾ ਹੈ। ਵਰਿਆਮ ਦਾ ਬਾਬਾ ਸੋਹਣ ਸਿੰਘ




ਭਕਨਾ ਅੰਕ ਅਤੇ ਵਰਤਮਾਨ ਹਿੰਦੁਸਤਾਨ ਦਾ ਹੋਲਾ ਮਹੱਲਾ ਅੰਕ ਵੀ ਸੰਗਤਾਂ ਲਈ ਪਹੁੰਚ ਚੁੱਕੇ ਹਨ। ਆਪ ਚੰਦੇ ਭਰਵਾਉ ਅਤੇ ਇਹ ਅੰਕ ਲੈ ਕੇ ਜਾਉ।

ਨੋਟ: (ਕੋਰੋਨਾ ਮਹਾਂਮਾਰੀ ਦੇ ਕਾਰਣ ਪਹਿਲਾਂ ਇਹ ਪਾਠ ਬੋਧ ਸਮਾਗਮ ਦਿੱਲੀ ਤੋਂ ਸੰਤ ਨਗਰ ਤਬਦੀਲ ਕੀਤਾ ਗਿਆ। 20 ਮਾਰਚ ਨੂੰ ਅਰੰਭ ਹੋ ਗਿਆ। ਪਰ ਲਾਕਡਾਊਨ ਕਾਰਣ 23 ਸ਼ਾਮ ਨੂੰ ਬੰਦ ਕਰਨਾ ਪਿਆ। 23 ਰਾਤ ਨੂੰ ਹੀ ਪਾਠੀ ਸਿੰਘ ਘਰੋ ਘਰੀ ਪਰਤ ਗਏ)

ਸਰਦਾਰ ਕਿਰਪਾਲ ਸਿੰਘ ਜੀ ਚਾਨਾ ਸਾਊਥਾਲ (ਇੰਗਲੈਂਡ) ਵਾਲਿਆਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰਾਂ ਦੀ ਇਕ ਐਲਬਮ ਸ੍ਰੀ ਸਤਿਗੁਰੂ ਜੀ ਨੂੰ ਭੇਟ



ਕੀਤੀ। ਇਸ ਐਲਬਮ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦੇ ਵੱਖੋ-ਵੱਖ ਪਹਿਲੂਆਂ ਤੇ ਪੰਛੀ-ਝਾਤ ਪੁਆਉਂਦੀਆਂ ਤਸਵੀਰਾਂ ਬਹੁਤ ਸੁੰਦਰ ਢੰਗ ਨਾਲ ਤਰਤੀਬੀਆਂ ਹਨ ਅਤੇ ਡਿਜ਼ਾਇਨਿੰਗ ਵੀ ਬਹੁਤ ਵਧੀਆ ਹੈ।

ਹਜ਼ੂਰੀ ਰਾਗੀ ਬਲਵੰਤ ਸਿੰਘ, ਸ਼ਾਮ ਸਿੰਘ, ਕਿਰਪਾਲ ਪਾਲੀ ਜੀ, ਕਾਕਾ ਬਸੰਤ ਅਤੇ ਹਰਪ੍ਰੀਤ ਸਿੰਘ ਜੀ ਅਤੇ ਗਿਆਨ ਸਿੰਘ ਦੀ ਤਬਲੇ ਦੀ ਸੰਗਤ ਨਾਲ ਕੀਰਤਨ ਅਰੰਭ ਹੋਇਆ। ਭਾਈ ਗੁਰਦਾਸ ਜੀ ਦੇ ਰਚੇ ਦੋ ਸ਼ਬਦਾਂ ਦਾ ਗਾਇਨ ਕੀਤਾ ਗਿਆ। ਬਲਵੰਤ ਸਿੰਘ ਜੀ ਨੇ ਦੱਸਿਆ ਕਿ ਇਹ ਪੁਰਾਨਤ ਰੀਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਨੂੰ ਸਿਖਾਈ - ਰਾਗ ਦਰਬਾਰ ਝੱਪਤਾਲ ਵਿੱਚ:

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ॥

ਜਿਉਂ ਹੀ ਕੀਰਤਨ ਅਰੰਭ ਹੋਇਆ ਤਾਂ ਇੰਦਰ ਦੇਵ ਨੇ ਬੱਦਲਾਂ ਵਿੱਚ ਮਰਦੰਗ ਵਾਦਨ ਸ਼ੁਰੂ ਕਰ ਦਿੱਤਾ ਤਰਬਵਾਦਨ ਵਾਂਗ ਬੂੰਦਾ ਬੂੰਦੀ ਸ਼ੁਰੂ ਹੋ ਗਈ ਜੋ ਤੇਜ ਅਤੇ ਹੋਰ ਤੇਜ਼ ਹੁੰਦੀ ਗਈ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਤਬਲੇ ਅਤੇ ਦਿਲਰੁਬਾਵਾਂ ਨੂੰ ਭਿੱਜਣੋਂ ਬਚਾਉਣ ਲਈ ਸਿੰਘਾਂ ਨੇ ਰਾਗੀ ਜਥੇ ਤੇ ਛਤਰੀਆਂ ਤਾਣ ਦਿੱਤੀਆਂ। ਸ੍ਰੀ ਸਤਿਗੁਰੂ ਜੀ ਅਤੇ ਸੰਗਤਾਂ ਨੇ ਵੀ ਇਲਾਹੀ ਕੀਰਤਨ ਦੇ ਨਾਲ-ਨਾਲ ਮੀਂਹ ਦੀਆਂ ਸੁੱਚੀਆਂ ਕਣੀਆਂ ਦਾ ਵੀ ਅਨੰਦ ਮਾਣਿਆਂ। ਦੂਸਰਾ ਸ਼ਬਦ ਰਾਗੀ ਜਥੇ ਨੇ ਗਾਇਣ ਕੀਤਾ :

ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ
ਪਾਵਨ ਪਵਿਤ੍ਰ ਮਿਤ੍ਰ ਆਜ ਮੇਰੋ ਆਏ ਹੈ॥

ਕੀਰਤਨ ਦੀ ਸਮਾਪਤੀ ਦੀ ਅਰਦਾਸ ਨਾਲ ਹੀ ਇੰਦਰ ਦੇਵ ਦੀ ਲੀਲਾ ਵੀ ਸ਼ਾਤ ਹੋ ਗਈ ਜਿਵੇਂ ਸਿਰਫ ਕੀਰਤਨ ਵਿੱਚ ਹਾਜ਼ਰੀ ਲਵਾਉਣੀ ਅਤੇ ਖੁੱਲ੍ਹੇ ਪੰਡਾਲ ਵਿਚ ਸੰਗਤਾਂ ਤੇ ਸੁੱਚੇ ਪਾਣੀ ਫੁਹਾਰ ਹੀ ਕਰਨੀ ਸੀ।

ਇੱਕ ਜਾਦੂਗਰੀ ਸ਼ੋ: ਅੱਜ ਸ਼ਾਮ ਦੇ ਦੀਵਾਨਾਂ ਸਮੇਂ ਇਕ ਵਿਸ਼ੇਸ਼ ਆਕਰਸ਼ਨ ਸ. ਗੁਰਪ੍ਰੀਤ ਸਿੰਘ (ਬਠਿੰਡਾ) ਵਲੋਂ ਲਾਈਵ ਪੇਟਿੰਗ ਦਾ ਪਰਦਰਸ਼ਨ, 6:30 ਤੋਂ 7:15 ਤੱਕ ਕਾਕਾ ਵਰਿੰਦਰ ਸਿੰਘ, ਵੀਰ ਸਿੰਘ, ਰਾਜਾ ਸਿੰਘ ਅਤੇ ਗੁਰਬਖਸ਼ ਸਿੰਘ ਦੇ ਲੜਕੇ ਨੇ ਕਵੀਸ਼ਰੀ ਪ੍ਰਸੰਗ ਪੇਸ਼ ਕੀਤਾ। ਕਾਕਾ ਵਰਿੰਦਰ ਸਿੰਘ ਨੇ ਵਖਿਆਨ ਕੀਤਾ ਅਤੇ ਤਿੰਨਾ ਬੱਚਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਮਾਨਾਂਵਾਲੇ ਹੋਲੇ ਦੇ ਪ੍ਰਸੰਗ ਦੀ ਰੋਚਕ ਪੇਸ਼ਕਾਰੀ ਕੀਤੀ। ਗੁਰਸੇਵਕ ਸਿੰਘ ਕਵੀਸ਼ਰ ਦਾ ਲਿਖਿਆ ਕਵੀਸ਼ਰੀ ਪ੍ਰਸੰਗ ਬੱਚਿਆਂ ਨੇ ਸੁਣਾਇਆ ਅਤੇ ਤਿਆਰੀ ਵੀ ਕਵੀਸ਼ਰ ਜੀ ਨੇ ਹੀ ਕਰਵਾਈ ਜਿਸਨੂੰ ਸੰਗਤਾਂ ਨੇ ਬਹੁਤ ਸਲਾਹਿਆ।

ਲਾਈਵ ਪੇਟਿੰਗ ਦਾ ਜਾਦੂ ਵੇਖਣ ਲਈ 7 ਵਜੇ ਤੱਕ 'ਪ੍ਰਤਾਪ ਮੰਦਰ' ਸੰਗਤਾਂ ਨਾਲ ਨੱਕੋ ਨੱਕ ਭਰ ਚੁੱਕਾ ਸੀ, 7:15 ਵਜੇ ਜਿਉਂ ਹੀ ਜਥੇਦਾਰ ਨਿਸ਼ਾਨ ਸਿੰਘ ਜੀ (ਦਿੱਲੀ) ਨੇ ਆਰਟਿਸਟ ਗੁਰਪ੍ਰੀਤ ਸਿੰਘ ਜੀ ਦੇ ਮੰਚ ਤੇ ਪ੍ਰਵੇਸ਼ ਕਰਨ ਤੇ 'ਜੀਉ ਆਇਆਂ,ਕਿਹਾ ਤਾਂ ਸੰਗਤ ਨੇ ਭਰਪੂਰ ਤਾੜੀਆਂ ਨਾਲ ਕਲਾਕਾਰ ਦਾ ਸਵਾਗਤ ਕੀਤਾ। ਸਟੇਜ ਤੇ ਸੱਜੇ ਪਾਸੇ ਸਟੈਂਡ ਤੇ ਕ੍ਰੀਬ 3/5 ਦਾ ਕੈਨਵਸ ਬੋਰਡ ਸਟੈਂਡ ਤੇ ਤਿਆਰ ਸੀ ਪਾਸ ਹੀ ਇਕ ਪਲੇਟ ਵਿੱਚ ਵੱਖੋ ਵੱਖ ਰੰਗ ਪਏ ਸਨ। ਕਲਾਕਾਰ ਵੀ ਤਿਆਰ ਸੀ, ਉਡੀਕ ਸੀ ਸਤਿਗੁਰੂ ਜੀ ਦੀ ਆਮਦ ਦੀ। ਉਸੇ ਸਮੇਂ ਵਾਸਤੇ ਮੰਚ ਸੰਚਾਲਕ ਨੇ -ਸੇਵਕ ਹਰਪਾਲ ਸਿੰਘ ਨੂੰ ਪੇਸ਼ ਕੀਤਾ। ਇਨ੍ਹਾਂ ਸਤਰਾਂ ਦੇ ਲੇਖਕ (ਸੇਵਕ) ਨੇ ਸੰਗਤਾਂ ਨੂੰ ਗੁਰਪ੍ਰੀਤ ਜੀ ਬਾਰੇ ਅਤੇ ਗੁਰਪ੍ਰੀਤ ਜੀ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕੁਝ ਵਿਚਾਰ ਸਾਂਝੇ ਕੀਤੇ। ਦੱਸਿਆ ਕਿ ਕੁਝ ਦਿਨ ਪਹਿਲਾਂ ਵੀ ਗੁਰਪ੍ਰੀਤ ਜੀ ਪਹਿਲੀ ਵਾਰ ਸ੍ਰੀ ਭੈਣੀ ਸਾਹਿਬ ਆਏ ਸਨ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਕੁਝ ਪੁਸਤਕਾਂ ਲੈ ਕੇ ਗਏ। ਉਸੇ ਦਿਨ ਹੀ ਲਾਈਵ ਪੇਂਟਿੰਗ ਦੇ ਪ੍ਰਦਰਸ਼ਨ ਦਾ ਪ੍ਰੋਗਰਾਮ ਤੈਅ ਹੋ ਗਿਆ। ਆਪ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੇ ਪੇਂਟਿੰਗਜ਼ ਦੀ ਇੱਕ ਪੂਰੀ ਸੀਰੀਜ਼ ਤਿਆਰ ਕੀਤੀ ਹੈ। ਲਾਈਵ ਪੇਂਟਿੰਗ ਸਚੁਮੱਚ ਹੀ ਇਕ ਜਾਦੂ ਸ਼ੋ ਵਾਂਗ ਹੁੰਦਾ ਹੈ ਜਿਸਦਾ ਤੁਸੀਂ ਥੋੜੀ ਦੇਰ 'ਚ ਅਨੰਦ ਮਾਣੋਗੇ। ਕਲਾਕਾਰ

ਅਤੇ ਕਵੀ ਕੋਈ ਆਪਣੀ ਸਿਆਣਪ ਨਾਲ ਨਹੀਂ ਬਣ ਸਕਦਾ, ਇਹ ਰੱਬੀ ਦਾਤਾਂ ਹੁੰਦੀਆਂ ਨੇ,ਜਿਸਨੂੰ ਅਜੇਹੀਆਂ ਦੈਵੀ ਦਾਤਾਂ ਪ੍ਰਾਪਤ ਹੁੰਦੀਆਂ ਹਨ ਉਹ ਆਪਣੀ ਮੇਹਨਤ, ਲਗਨ ਅਤੇ ਉਸਤਾਦਾਂ ਦੀ ਸਰਪ੍ਰਸਤੀ ਵਿਚ ਅਭਿਆਸ ਕਰਕੇ ਵੱਡੀਆਂ ਮੰਜਿਲਾਂ ਤੈਅ ਕਰ ਸਕਦਾ ਹੈ। ਗੁਰਪ੍ਰੀਤ ਜੀ ਦੀਆਂ ਕਲਾ-ਕ੍ਰਿਤਾਂ ਚੋਂ ਇਨ੍ਹਾਂ ਦੀ ਸਾਧਨਾ ਪ੍ਰਤੱਖ ਦਿਸਦੀ ਹੈ। ਜੋ ਹਿਰਦੇ ਵਿਚ ਚਿਤਵਦੇ ਹਨ ਉਹ ਹੱਥਾਂ ਨਾਲ ਚਿਤਰਦੇ ਜਾਂਦੇ ਹਨ ਤਾਂ ਕੁੱਝ ਮਿੰਟਾਂ ਵਿਚ ਹੀ ਕਰਾਮਤ ਵਾਪਰਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਆਪ ਸਤਿਗੁਰੂ ਜੀ ਦੀ ਲਾਈਵ ਪੇਂਟਿੰਗ ਬਣਾ ਕੇ ਆਪਣੇ ਸ਼ਰਧਾਂ ਪੁਸ਼ਪ ਭੇਟ ਕਰਨਗੇ।

ਗੁਰਪ੍ਰੀਤ ਜੀ ਨੂੰ ਸੰਬੋਧਨ ਹੁੰਦਿਆ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਸਾਰੇ ਨਾਮਧਾਰੀ ਸਿੱਖਾਂ ਦੇ ਹਿਰਦਿਆਂ ਵਿੱਚ ਫੁੱਲਾਂ ਦੀ ਸੁਗੰਧੀ ਵਾਂਗ ਸਮੋਏ ਹੋਏ ਹਨ। ਇਹ ਠੀਕ ਹੈ ਕਿ ਇਸ ਸਿੱਖੀ ਫੁਲਵਾੜੀ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ-'ਖਾਲਸਾ ਰੂਪ, ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਹੈ। ਪੁਨਰ ਸੁਰਜੀਤੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ ਪਰ ਅੱਜ ਜੇ ਨਾਮਧਾਰੀ ਸਿੱਖਾਂ ਵਿੱਚ ਸਾਬਤ ਸੂਰਤ ਸਿੱਖੀ ਸਰੂਪ ਅਤੇ ਰਹਿਤ ਮਰਿਯਾਦਾ ਸੁੱਰਖਿਅਤ ਹੈ ਤਾਂ ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਅੱਧੀ ਸਦੀ ਦੀ ਘਾਲਣਾ ਹੈ।- ਕੁਝ ਦੇਰ ਪਹਿਲਾਂ ਹੀ ਮੈਂ ਨਿਊ ਯਾਰਕ ਗਿਆ। ਉੱਥੇ ਸ੍ਰ. ਜਸਬੀਰ ਸਿੰਘ ਮਿਲੇ ਜਿਨ੍ਹਾਂ ਆਪਣੇ ਬਾਰੇ ਦੱਸਿਆ ਕਿ 1990 ਦੇ ਨੇੜੇਮੈਂ ਭਾਰਤ ਤੋਂ ਯੂਰਪ ਗਿਆ, ਰੋਜ਼ੀ ਰੋਟੀ ਕਮਾਉਣ, ਉਥੇ ਜਾ ਕੇ ਮੈਂ ਨਾਮਧਾਰੀ ਰਹਿਤ ਮਰਿਯਾਦਾ ਤੋਂ ਕੋਹਾਂ ਦੂਰ ਚਲਾ ਗਿਆ, ਕੇਸ ਕਟਵਾ ਦਿੱਤੇ। ਰੈਸਟੋਰੈਂਟਾਂ ਵਿੱਚ ਕੰਮ ਕਰਨਾ, ਮਾਸ ਬਣਾਉਣਾ ਵੀ ਅਤੇ ਖਾਣਾ ਵੀ, ਸ਼ਰਾਬ ਵੀ ਪੀਣ ਲਗ ਗਿਆ। ਸਾਰੇ ਐਬ ਸ਼ਰਈ ਬਣ ਗਿਆ। ਫੇਰ ਯੂਰਪ ਤੋਂ ਅਮਰੀਕਾ ਵਿੱਚ ਚਲਾ ਗਿਆ। ਪਰ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ 1997 ਵਿੱਚ ਅਤੇ ਉਸ ਤੋਂ ਬਾਅਦ 1998-99 ਅਤੇ 2000 ਈ: ਤੱਕ ਕੈਨੇਡਾ ਅਮਰੀਕਾ ਦੌਰਿਆਂ ਸਮੇਂ ਦਰਸ਼ਨ ਦਿੱਤੇ। ਆਪ ਜੀ ਨੇ ਮੈਨੂੰ ਐਨਾ ਪਿਆਰ ਬਖਸ਼ਿਆ, ਨਾ ਮੇਰੇ ਗੁਨਾਹ ਵੇਖੇ ਨਾ ਮੇਰੇ ਐਬ ਵੇਖੇ, ਮੇਰੀ ਗੱਡੀ ਵਿੱਚ ਕਿਰਪਾ ਕਰਨੀ- ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਮੇਰੇ ਸਾਰੇ ਐਬ ਛੁੱਟ ਗਏ 'ਦਰਸਨੁ ਭੇਟਤ ਹੋਤ ਨਿਹਾਲ' ਵਾਲੀ ਕਿਰਪਾ ਹੋ ਗਈ। ਮੈਂ ਸਿੱਖੀ ਸਰੂਪ ਵੀ ਧਾਰਨ ਕਰ ਲਿਆ, ਹਿਰਦੇ ਵਿੱਚ ਸਤਿਗੁਰੂ ਦਰਸ਼ਨ ਦਾ ਪ੍ਰੇਮ ਅਤੇ ਗੁਰੂ ਭਗਤੀ ਵੱਸ ਗਈ। ਇਸ ਤਰ੍ਹਾਂ ਦੇ ਅਨੇਕਾ ਹੀ ਨੌਜੁਆਨ ਹਨ ਜੋ ਨਾਮਧਾਰੀ ਪਰਿਵਾਰਾਂ ਚੋਂ ਹੋ ਕੇ ਸਿੱਖੀ ਤੋਂ ਦੂਰ ਜਾ ਚੁੱਕੇ ਸਨ ਪਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਕਾਂ ਭਰੀ ਮਿਕਨਾਤੀਸੀ ਸ਼ਖਸ਼ੀਅਤ ਦੇ ਕੀਲੇ ਹੋਏ ਉਹ ਨੌਜੁਆਨ ਮੁੱੜ ਮਾਡਲ ਸਿੱਖ ਬਣ ਗਏ, ਨਾਮ-ਬਾਣੀ ਦੇ ਨਿਤਨੇਮੀ ਅਤੇ ਸਿੱਖੀ ਸਰੂਪ ਦੇ ਧਾਰਣੀ। ਪੰਜ ਸੱਤ ਮਿੰਟਾਂ ਵਿੱਚ ਅਜੇਹੀਆਂ ਕੁਝ ਗੁਰ-ਗਾਥਾ ਗੁਰਪ੍ਰੀਤ ਸਿੰਘ ਨਾਲ ਸਾਂਝੀਆ ਕਰਦਿਆਂ ਸੰਗਤਾਂ ਨੂੰ ਸੁਣਾਈਆਂ। ਏਨੇ ਨੂੰ 'ਬੋਲੇ ਸੋ ਨਿਹਾਲ, ਦਾ ਜੈਕਾਰਾ ਗੂੰਜਿਆਂ, ਸ੍ਰੀ ਸਤਿਗੁਰੂ ਜੀ ਆ ਦਰਸ਼ਨ ਦਿੱਤੇ ਸੰਗਤਾਂ ਨੇ ਖੜੇ ਹੋ ਕੇ ਗੁਰ-ਅਭਿਨੰਦਨ ਕੀਤਾ। ਗੁਰਪ੍ਰੀਤ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਅਰਜ਼ ਕੀਤੀ ਕਿ ਆਪ ਜੀ ਕੈਨਵਸ਼ ਤੇ ਬੁਰਸ਼ ਨਾਲ ਅਰੰਭ ਕਰ ਦਿਉ। ਸਤਿਗੁਰੂ ਜੀ ਨੇ ਕੈਨਵਸ ਤੇ ਬੁਰਸ ਛੁਹਾਇਆ- ਗੁਰਪ੍ਰੀਤ ਜੀ ਨੇ ਬੁਰਸ਼ ਦੀ ਜਗ੍ਹਾ ਹੱਥਾਂ ਦੀਆਂ ਉਗਲਾਂ ਨਾਲ ਹੀ ਕੈਨਵਸ ਬੋਰਡ ਤੇ ਆਪਣੀ ਕਲਾ ਦਾ ਜਾਦੂ ਵਿਖਾਉਣਾ ਸ਼ੁਰੂ ਕੀਤਾ।ਦੋਵੇਂ ਪਾਸੇ ਵੱਡੀਆਂ ਸਕਰੀਨਾਂ ਤੇ



ਲਾਈਵ ਪੇਂਟਿੰਗ ਦਾ ਇਨਲਾਰਜ ਪ੍ਰਦਰਸ਼ਨ ਪ੍ਰੋਜੈਕਟ ਕੀਤਾ ਜਾ ਕੀਤਾ ਜਾ ਰਿਹਾ ਸੀ -ਆਡੀਓ ਮਿਊਜ਼ਿਕ ਬਲਵੰਤ ਸਿੰਘ ਜੀ ਦੀ ਗਾਈ ਨਜ਼ਮ 'ਰੂਪ ਰੱਬ ਦਾ,ਸੁਣੀ ਜਾ ਰਹੀ ਸੀ।ਕੈਨਵਸ ਬੋਰਡ ਤੇ ਵੱਖੋ-ਵੱਖ ਰੰਗ ਹੱਥਾਂ ਨਾਲ ਫੇਰਦਿਆਂ ਜਿਉਂ ਹੀ ਸਤਿਗੁਰੂ ਜੀ ਦੇ ਮੁੱਖ ਮੰਡਲ ਦੇ ਨਕਸ਼ ਉਭਰਨੇ ਹੋਏ ਤਾਂ ਤਾੜੀਆਂ ਅਤੇ ਸੰਗਤਾਂ ਦੇ ਪ੍ਰੇਮ-ਪਰੁੱਚੇ ਜੈਕਾਰਿਆਂ ਨਾਲ ਹਾਲ ਗੂੰਜ ਉਠਿਆ। ਵਿਚਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗਹਿਰ-ਗੰਭੀਰ ਚਿਹਰੇ ਦਾ ਕਲੋਜ਼-ਅੱਪ, ਖੱਬੇ ਸ੍ਰੀ ਸਤਿਗੁਰੂ ਜੀ ਮੋਢੇ ਨਾਲ ਦਿਲਰੁਬਾ ਲਾਈ ਰਾਗ-ਮਗਨ ਕਲੋਜ਼ ਅੱਪ ਅਤੇ ਸਾਮ੍ਹਣੇ ਮਸਤ ਹੋਏ ਮੋਰ ਦੀ ਤਸਵੀਰ ਅਤੇ ਸੱਜੇ ਗਊ ਦੇ ਜਾਏ ਨੂੰ ਪ੍ਰੇਮ ਛੁਹ ਬਖਸ਼ਦਾ

ਸਤਿਗੁਰੂ ਜੀ ਦਾ ਹਸਤ ਕੰਵਲ। ਕੈਨਵਸ ਤੇ ਇੱਕ ਇੱਕ ਕਰਕੇ ਦਸ ਬਾਰਾਂ ਮਿੰਟਾਂ ਵਿੱਚ ਇਹ ਸਾਰੇ ਸਰੂਪ ਸ਼ਪਸ਼ਟ ਉੱਗੜ ਗਏ। ਪੇਟਿੰਗ ਨੂੰ ਨਾਮ ਦਿੱਤਾ ਗਿਆ- "ਸਾਜ਼ ਨਿਵਾਜ਼" ਵਾਰ ਵਾਰ ਤਾੜੀਆਂ ਅਤੇ ਜੈਕਾਰਿਆਂ ਦੇ ਰੂਪ ਵਿੱਚ ਸੰਗਤਾਂ ਦਾ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਪ੍ਰੇਮ ਉੱਛਲ ਉੱਛਲ ਪੈ ਰਿਹਾ ਸੀ। ਸਾਜ਼ ਨਿਵਾਜ ਸਤਿਗੁਰੂ ਦੀਆਂ ਬਖਸ਼ਿਸ਼ਾਂ ਅਤੇ ਸੰਗਤਾਂ ਦੇ ਹਿਰਦੇ ਵਿੱਚ ਵੱਸਿਆ ਸਰੂਪ ਕੈਨਵਸ ਤੇ ਰੂਪਮਾਨ ਹੋ ਚੁੱਕਾ ਸੀ। ਸਤਿਗੁਰੂ ਜੀ ਦੇ ਕਲੋਜ਼-ਅੱਪ ਮੁੱਖ ਮੰਡਲ ਦੇ ਦੁਆਰੇ ਸਫੈਦ ਮਾਲਾ ਦੇ ਮਣਕਿਆਂ ਦਾ ਭਗਤੀ ਭਾਵ ਚੱਕਰ। ਪੇਟਿੰਗ ਪੂਰੀ ਕਰਕੇ ਗੁਰਪ੍ਰੀਤ ਜੀ ਨੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਗਜਾ ਕੇ, ਕੁੱਝ ਭਗਤੀ ਅਤੇ ਪ੍ਰੇਮ ਰੱਸ ਪਰੁੱਚੇ ਸ਼ਬਦਾਂ ਨਾਲ ਆਪਣੀ ਆਸਥਾ ਪ੍ਰਗਟ ਕੀਤੀ।

ਸ੍ਰੀ ਗੁਰਪ੍ਰੀਤ ਜੀ ਦੁਆਰਾ ਬੋਲੇ ਵਾਕ ਸ਼ਬਦ-ਬ-ਸ਼ਬਦ: "ਸਭ ਤੋਂ ਪਹਿਲਾਂ ਮੈਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਆਪਣਾ ਸੀਸ ਨਿਵਾਉਂਦਾ ਹਾਂ। ਮੈਂ ਇਤਿਹਾਸ ਅਤੇ ਕਲਾ ਦਾ ਵਿਦਿਆਰਥੀ ਹਾਂ, ਪ੍ਰਮਾਤਮਾ ਕਰੇ ਮੈਂ ਸਾਰੀ ਜਿੰਦਗੀ ਵਿਦਿਆਰਥੀ ਹੀ ਰਹਾਂ। ਮੈਂ ਜਦੋਂ ਤੋਂ ਇਤਿਹਾਸ ਪੜਨਾਂ ਸ਼ੁਰੂ ਕੀਤਾ ਤਾਂ ਮਹਿਸੂਸ ਕੀਤਾ ਕਿ ਭਾਰਤ ਦਾ ਇਤਿਹਾਸ, ਨਾਮਧਾਰੀ ਇਤਿਹਾਸ ਤੋਂ ਬਿਨ੍ਹਾਂ ਪੜਿਆ ਹੀ ਨਹੀਂ ਜਾ ਸਕਦਾ। ਇਹ ਸੰਭਵ ਹੀ ਨਹੀਂ। ਮੈਂ ਨਾਮਧਾਰੀ ਇਤਿਹਾਸ ਬਾਰੇ ਬਹੁਤ ਜਾਣਦਾ ਸੀ ਪਰ ਕਦੇ ਨੇੜੇ ਹੋ ਕੇ ਨਹੀਂ ਸੀ ਵੇਖਿਆ, ਅੰਦਰ ਆਕੇ ਨਹੀਂ ਸੀ ਵੇਖਿਆ। ਅਸਲ ਗੱਲ ਤਾਂ ਅੰਦਰ (ਹਿਰਦੇ ਵਿੱਚ) ਆਉਣ ਦੀ ਹੁੰਦੀ ਹੈ। ਗੁਰਭੇਜ ਗੁਰਾਇਆ ਜੀ ਨਾਲ ਮੈਂ ਦੋ ਕੁ ਹਫਤੇ ਪਹਿਲਾਂ ਏਥੇ ਆਇਆ। ਸਤਿਗੁਰਾਂ ਨੇ ਮੈਨੂੰ ਬੜੇ ਪਿਆਰ-ਮੁਹੱਬਤ ਨਾਲ ਨਿਵਾਜਿਆ। ਯਕੀਨ ਮੰਨਿਓਂ ਮੈਂ ਏਥੋਂ ਬਹੁਤ ਸਾਰੀਆਂ ਕਿਤਾਬਾਂ ਲੈ ਗਿਆ ਸੀ - ਦੋ ਹਫਤਿਆਂ ਤੋਂ ਉਹੋ ਹੀ ਪੜ੍ਹ ਰਿਹਾ ਹਾਂ ਅਤੇ ਯੂ-ਟਿਊਬ ਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਸੁਣ ਰਿਹਾ ਹਾਂ,ਉਨ੍ਹਾਂ ਦੇ ਪ੍ਰਵਚਨ ਸੁਣ ਰਿਹਾ ਹਾਂ ਲਗਾਤਾਰ। ਮੈਂ ਦੋ ਪੋਟਰੇਟ ਬਣਾਏ ਘਰੇ, ਇਕ ਬਣਾ ਲਿਆ ਹੈ ਅਤੇ ਇਕ ਸ਼ੁਰੂ ਕੀਤਾ ਹੈ ਸਤਿਗੁਰੂ ਜੀ ਦਾ ਤਾਊਸ਼ ਵਜਾਉਂਦਿਆਂ ਦਾ ਵੀਡੀਓ, ਇੱਕੋ ਵੀਡੀਓ ਨੂੰ ਸ਼ਾਇਦ 60-70 ਵਾਰ ਪਲੇਅ ਕਰ ਦਿੱਤਾ ਹੋਣਾ ਹੈ। ਇਹ ਮੈਂ ਪਹਿਲੀ ਵਾਰ ਵੇਖਿਆ ਹੈ ਕਿ ਤਾਊਸ਼ ਗਜ ਨਾਲ ਤਾਂ ਵਜਾਇਆ ਜਾਂਦਾ ਹੈ ਪਰ ਪੋਟਿਆਂ ਨਾਲ ਤਰਬਾਂ ਛੇੜ ਕੇ, ਸ਼ਾਇਦ ਹਿੰਦੁਸਤਾਨ ਵਿੱਚ ਤਾਂ ਕੀ ਕਿਤੇ ਵੀ ਕਿਸੇ ਨੇ ਇਸਤਰ੍ਹਾਂ ਨਹੀਂ ਵਜਾਇਆ। ਇਹ ਕੋਈ ਸਾਧਾਰਨ ਮਨੁੱਖ ਨਹੀਂ ਕਰ ਸਕਦਾ, ਇਹ ਕਿਸੇ ਮਨੁੱਖ ਦੇ ਵੱਸ ਦੀ ਗੱਲ ਨਹੀਂ ਤੇ ਇੱਕ ਤਾਊਸ਼ ਵਜਾਉਣਾ ਹੀ ਨਹੀਂ, ਜਦੋਂ ਮੈਂ ਪੜ੍ਹਦਾ ਗਿਆ ਕਿਤਾਬਾਂ, ਤਾਂ ਵੇਖਿਆ ਕਿ ਉਹ ਕੁਦਰਤ ਨਾਲ ਵੀ ਕਿੰਨੇ ਇਕ ਸੁਰ ਸਨ। ਜਿਵੇਂ ਮੈਂ ਕਈ ਕਈ ਮਹੀਨੇ ਜੰਗਲਾਂ ਵਿੱਚ ਜਾ ਕੇ ਗਵਾਚ ਜਾਂਦਾ ਹਾਂ-ਉੱਤਰੀ ਭਾਰਤ ਦੇ ਕ੍ਰੀਬ ਸਾਰੇ ਜੰਗਲ ਗਾਹ ਦਿੱਤੇ ਮੈਂ। ਅਸੀਂ ਕੁਦਰਤ ਦੇ ਕੋਲ ਜਾਂਦੇ ਹਾਂ ਪਰ ਸਤਿਗੁਰਾਂ ਦੇ ਮੈਂ ਜਿੰਨੇ ਵੀਡੀਓ ਵੇਖੇ। ਕੁਦਰਤ ਉਨ੍ਹਾਂ ਦੇ ਕੋਲੇ ਆਉਂਦੀ ਹੈ। ਮੈਨੂੰ ਵੇਖ-ਵੇਖ ਕੇ ਮਜ਼ਾ ਆ ਗਿਆ। ਇਸ ਕਰਕੇ ਪੇਟਿੰਗ ਵਿਚ-ਸਤਿਗੁਰੂ ਜੀ ਸਾਜ ਵਜਾ ਰਹੇ ਨੇ-ਪਾਸ ਆਇਆ ਮੋਰ ਪੂਰੀ ਕੁਦਰਤ ਨੂੰ ਸਿੰਬਲਾਈਜ਼ ਕਰਦਾ ਹੈ। ਜਿਹੜੀ ਮੁਹੱਬਤ ਉਹ ਜੀਵ-ਜੰਤੂਆਂ, ਗਊਆਂ ਨੂੰ ਬਖ਼ਸ਼ਦੇ ਸੀ ਉਹ ਚਿਤਰੀ ਹੈ; ਮਾਲਾ-ਅਧਿਆਤਮ ਦੀ ਪ੍ਰਤੀਕ ਹੈ -ਉਹ ਦੁਨਿਆਵੀ ਕੰਮਾਂ ਤੋਂ ਬਿਨਾ ਰੂਹਾਨੀਅਤ ਦੀ ਵੀ ਸਿਖਰ ਸਨ-ਕੋਈ ਕੋਈ ਅਜੇਹੀਆਂ ਹਸਤੀਆਂ ਹੁੰਦੀਆਂ ਹਨ। ਮੈਂ ਇਕ ਆਖਰੀ ਵਾਕ ਨਾਲ ਸਮਾਪਤ ਕਰਦਾ ਹਾਂ ਕਿ ਕੋਈ ਮੁਲਕ ਖਾਸ ਬੰਦਿਆਂ ਨੂੰ ਸਨਮਾਨਿਤ ਕਰਦਾ ਹੈ ਉਨ੍ਹਾਂ ਦੀਆਂ ਖਾਸ ਪ੍ਰਾਪਤੀਆਂ ਲਈ। ਪਰ ਕੁਝ ਸ਼ਖਸੀਅਤਾਂ ਐਸੀਆਂ ਹੁੰਦੀਆਂ ਹਨ ਕਿ ਉਹ ਜਿਸ ਦੇਸ਼ ਵਿਚ ਜਨਮ ਲੈਂਦੀਆਂ ਹਨ ਉਹ ਦੇਸ਼ ਸਨਮਾਨਿਤ ਹੋ ਜਾਂਦਾ ਹੈ। ਪੂਰਾ ਨਾਮਧਾਰੀ ਸਮਾਜ ਅਤੇ ਭਾਰਤ ਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰਕੇ ਸਨਮਾਨਿਤ ਹੁੰਦਾ ਹੈ। ਇਹ ਮੇਰੇ ਵੱਲੋਂ ਉਸ ਸਨਮਾਨ ਨੂੰ ਛੋਟੀ ਜਹੀ ਭੇਟ ਹੈ, ਕਬੂਲ ਕਰਿਓ-ਸ਼ੁਕਰੀਆ।

ਮੰਚ ਸੰਚਾਲਕ ਨੇ ਕਿਹਾ: ਸ੍ਰੀ ਗੁਰਪ੍ਰੀਤ ਜੀ ਦੀ ਜਿਡੀ ਸੋਹਣੀ ਕਲਾ-ਕ੍ਰਿਤੀ ਸੀ ਓਡੇ ਹੀ ਸੁਹਜ ਭਰੇ,ਮਿਣੇ-ਤੋਲੇ ਅਤੇ ਵਿਦਵਤਾ ਭਰੇ ਸ਼ਬਦ ਸਨ।

ਸ੍ਰੀ ਸਤਿਗੁਰੂ ਜੀ ਨੇ ਗੁਰਪ੍ਰੀਤ ਜੀ ਨੂੰ ਸਿਰੋਪਾਓ



ਬਖਸ਼ ਕੇ ਨਿਵਾਜਿਆ। ਨਾਮਧਾਰੀ ਸੰਗਤਾਂ ਗੁਰਪ੍ਰੀਤ ਜੀ ਤੋਂ ਕੁਰਬਾਨ ਜਾਂਦੀਆਂ ਹਨ-ਜੇੜੀ ਉਨ੍ਹਾਂ ਜਾਦੂਮਾਈ ਪੇਂਟਿੰਗ

ਬਣਾਈ ਅਤੇ ਜਿਵੇਂ ਦੇ ਸ਼ਬਦਾਂ ਵਿੱਚ ਸ਼ਰਧਾ ਪੁਸ਼ਪ ਭੇਟ ਕੀਤੇ।

"ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ, ਵਿਣੁ ਸਿਰ ਸੇਵ ਕਰੀਜੈ॥"

ਬਹੁਤ-ਬਹੁਤ ਧੰਨਵਾਦ ਅਤੇ ਵਧਾਈਆਂ ਗੁਰਪ੍ਰੀਤ ਜੀ ਨੂੰ। ਸਭ ਸੰਗਤਾਂ ਦੇ ਹਿਰਦਿਆਂ ਵਿੱਚ ਤੁਸੀ ਸਤਿਕਾਰਯੋਗ ਸਥਾਨ ਬਣਾ ਲਿਆ ਹੈ।

ਇਕ ਹੋਰ ਛੋਟੀ ਜਹੀ ਰਸਮ ਹੋਈ। ਸਤਿਜੁਗ ਦਾ ਸਲਾਨਾ ਅੰਕ -ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਅੰਕ ਹੰਸਪਾਲ ਜੀ ਅਤੇ ਵਿਰਕ ਜੀ ਨੇ ਸਤਿਗੁਰੂ ਜੀ ਨੂੰ ਭੇਟ ਕੀਤਾ, ਨਾਲ ਗੁਰਲਾਲ ਸਿੰਘ, ਭਜਨ ਸਿੰਘ ਵੀ ਹਾਜ਼ਰ ਸਨ। ਸਤਿਜੁਗ ਦਾ ਕੈਲੰਡਰ ਵੀ ਜਿਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਸਤ-ਲਿਖਤ ਬੀੜ ਤੋਂ ਪਾਠ ਕਰਦਿਆਂ ਦੀ ਤਸਵੀਰ ਹੈ। ਇਹ ਉਹੋ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੈ ਜਿਸਤੋਂ ਸਤਿਗੁਰੂ ਰਾਮ ਸਿੰਘ ਜੀ ਪਾਠ ਕਰਿਆ ਕਰਦੇ ਸਨ। ਇਸ ਕੈਲੰਡਰ ਤੇ ਵੈਸਾਖ ਤੋਂ ਚੇਤਰ ਤੱਕ ਦੇਸੀ ਅਤੇ ਅੰਗ੍ਰੇਜੀ ਤਾਰੀਖਾਂ ਹਨ- ਗੁਰਪੁਰਬਾਂ ਅਤੇ ਇਤਿਹਾਸਕ ਤਿਉਹਾਰਾਂ,ਮੇਲਿਆਂ ਦਾ ਵੇਰਵਾ ਵੀ ਹੁੰਦਾ ਹੈ। ਇਹ ਕੈਲੰਡਰ ਵੀ ਸ੍ਰੀ ਸਤਿਗੁਰੂ ਜੀ ਨੇ ਰਿਲੀਜ਼ ਕੀਤਾ।

ਰ ਉਪਰੰਤ ਜਥੇਦਾਰ ਕਮਾਲ ਸਿੰਘ ਜੀ ਨੇ ਹੱਲੇ ਦਾ ਦੀਵਾਨ ਲਗਾਇਆ। ਸੁਰੀਲੀ ਅਵਾਜ ਅਤੇ ਵਿਧਵਤਾ ਪੂਰਨ ਵਖਿਆਣ, ਢੋਲਕ-ਛੈਣਿਆਂ ਦੇ ਸੰਗ ਕਮਾਲ ਦੀ ਪੇਸ਼ਕਾਰੀ ਸੀ ਇਸ ਜਥੇਦਾਰ ਦੀ 'ਜਿਨਕੇ ਚੋਲੇ ਰਤੜੇ ਪਿਆਰੇ ਕੰਤ ਤਿਨਾ ਕੈ ਪਾਸਿ' -ਧਾਰਨਾ ਤੇ ਗੁਰੂ ਪ੍ਰੇਮੀ ਸਿਖਾਂ ਦੀ ਕਥਾ ਵਾਰਤਾ ਪੇਸ਼ ਕੀਤੀ। ਜਥੇਦਾਰ ਕਮਾਲ ਸਿੰਘ ਜੀ ਤੋਂ ਬਾਅਦ ਕਵੀਸ਼ਰ ਗੁਰਸੇਵਕ ਸਿੰਘ ਜੀ ਨੇ ਆਪਣੇ ਸਾਥੀਆਂ ਨਾਲ ਗੁਰਮੀਤ ਸਿੰਘ ਅਤੇ ਮੱਲ ਸਿੰਘ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਸਮੇਂ ਦਾ ਕਵੀਸ਼ਰੀ ਪ੍ਰਸੰਗ ਪੇਸ਼ ਕੀਤਾ। ਇਸ ਤੋਂ ਬਿਨਾਂ ਅੱਜ ਰਾਤ ਦੇ ਦੀਵਾਨ 11.15 ਵਜੇ ਤੱਕ ਜਾਰੀ ਰਹੇ। ਜਿਨ੍ਹਾਂ ਵਿੱਚ ਸ੍ਰੀ ਮੱਖਣ ਸਿੰਘ ਮੱਲੇਕਾਂ ਨੇ ਸਾਥੀਆਂ ਸਹਿਤ ਕਵੀਸ਼ਰੀ ਦੀ ਸੁਰੀਲੀ ਅਤੇ ਰੌਚਕ ਪੇਸ਼ਕਾਰੀ ਕੀਤੀ। ਉਪਰੰਤ ਹੱਲੇ ਦੇ ਦੀਵਾਨ ਜਥੇਦਾਰ ਜਸਵਿੰਦਰ ਸਿੰਘ ਜੀ ਭਿੰਡਰ, ਸੂਬਾ ਸੰਦੀਪ ਸਿੰਘ ਜੀ, ਜਥੇਦਾਰ ਜਸਬੀਰ ਸਿੰਘ ਖਿਆਲਾ ਅਤੇ ਜਥੇਦਾਰ ਹਰਪ੍ਰੀਤ ਸਿੰਘ ਜੀ ਪਾਨੀਪਤ ਨੇ ਪ੍ਰੇਮ ਅਤੇ ਭਗਤੀ ਰਸ ਪਰੁੱਚੇ ਪ੍ਰਸੰਗ ਪੇਸ਼ ਕੀਤੇ। ਨਾਮਧਾਰੀ ਦੀਵਾਨਾਂ ਵਿੱਚ ਢੋਲਕ ਛੈਣਿਆਂ ਦੇ ਅਨਹਦ ਨਾਦ ਨਾਲ ਬਿਰਹਾ ਰਸ ਪ੍ਰਧਾਨ ਹੁੰਦਾ ਹੈ। ਅੱਜ ਹੋਲੇ ਮਹੱਲੇ ਦੇ ਆਖਰੀ ਦਿਨ ਸੰਗਤਾਂ ਦੇਰ ਰਾਤ ਤੱਕ ਗੁਰੂ-ਜੱਸ ਸ੍ਰਵਣ ਕਰਦੀਆਂ ਰਹੀਆਂ।

**13 ਮਾਰਚ- ਤ੍ਰਿਵੇਣੀ ਪੁਰਬ ਹੋਲਾ ਮਹੱਲਾ ਦੀ ਸੰਪੂਰਨਤਾ:**

ਅੱਜ ਹੋਲੇ ਮਹੱਲੇ ਦੇ ਆਖਰੀ ਦਿਨ ਆਸਾ ਦੀ ਵਾਦਾ ਕੀਰਤਨ ਸੰਤ ਹਰਬੰਸ ਸਿੰਘ ਜੀ ਦੀ ਅਗੁਵਾਈ ਵਿੱਚ ਸ੍ਰੀ ਭੈਣੀ ਸਾਹਿਬ ਦੇ ਅਤੇ ਵਿਦੇਸ਼ ਤੋਂ ਆਏ ਰਾਗੀ ਸਿੰਘਾਂ ਦੇ ਜਥੇ ਨੇ ਕੀਤਾ। ਜਿਨ੍ਹਾਂ ਵਿੱਚ ਸਰਵ ਸ੍ਰੀ ਕਿਰਪਾਲ ਸਿੰਘ ਜੀ ਪਾਲੀ, ਗੁਰਸ਼ਰਨ ਸਿੰਘ ਗੁਛੀ, ਹਰਮਿੰਦਰ ਸਿੰਘ, ਸਰਮੁਖ ਸਿੰਘ, ਬਸੰਤ ਸਿੰਘ ਅਤੇ ਤਬਲੇ ਤੇ ਸੰਗਤ ਕਰਨ ਵਾਲੇ ਹਰਪ੍ਰੀਤ ਸਿੰਘ ਜੀ ਸੋਨੂੰ, ਅਜੇਪਾਲ ਸਿੰਘ, ਸ਼ਾਮ ਸਿੰਘ ਅਤੇ ਗਿਆਨ ਸਿੰਘ (ਪਖਾਵਜੀ) ਸਨ। ਇਸ ਹੋਲੇ ਮਹੱਲੇ ਦੌਰਾਨ ਬੇਸ਼ੱਕ ਬਾਹਰ ਵੱਡਾ ਪੰਡਾਲ ਬਣ ਚੁੱਕਾ ਸੀ ਪਰ ਕਦੇ ਕਿਣ ਮਿਣ ਅਤੇ ਕਦੇ ਤੇਜ਼ ਵਰਖਾ ਹੋਣ ਕਰਕੇ ਮੇਲੇ ਦੇ ਸਾਰੇ ਪ੍ਰੋਗਰਾਮ ਪ੍ਰਤਾਪ ਮੰਦਰ ਵਿੱਚ ਹੀ ਕਰਨੇ ਪਏ। 'ਸੱਤ ਸਾਧ ਇਕ ਗੋਦੜੀ ਵਿੱਚ ਰਾਤ ਕੱਟ ਸਕਦੇ ਹਨ ਪਰ ਦੋ ਰਾਜੇ ਇਕ ਰਾਜ ਵਿੱਚ ਰਾਤ ਨਹੀਂ ਕੱਟ ਸਕਦੇ।' ਅੱਜ ਇਹ ਕਹਾਵਤ ਰੂਪਮਾਨ ਹੋਈ। ਹੋਲੇ ਮਹੱਲੇ ਦੇ ਆਖਰੀ ਦਿਨ ਪ੍ਰਤਾਪ ਮੰਦਰ ਦੇ ਹਾਲ ਵਿੱਚ ਸਮਾ ਸੱਕਣ ਨਾਲੋਂ ਦੁੱਗਣੀ ਤੋਂ ਵੱਧ ਸੰਗਤ ਏਸੇ ਮੰਦਰ ਵਿੱਚ ਹੀ ਸਮਾ ਗਈ। ਵਰਾਂਡੇ ਅਤੇ ਕੋਣਿਆਂ ਤੱਕ ਸੰਗਤ ਨਾਲ ਨੱਕੋ ਨੱਕ ਭਰਿਆ ਮੰਦਰ ਸ਼ਾਂਤ ਅਤੇ ਸਫੈਦ ਰੰਗ ਵਿੱਚ ਰੰਗਿਆ ਮਾਨਸਰੋਵਰ ਵਾਂਗ ਜਾਪ ਰਿਹਾ ਸੀ ਜਿਸ ਵਿੱਚ ਹੰਸਾਂ ਵਾਂਗ ਗੁਰਸਿੱਖ ਗੁਰੂ-ਦਰਸ਼ਨ ਕਰਦਿਆਂ ਅੰਮ੍ਰਿਤ-ਨਾਮ ਦੇ ਸੁੱਚੇ ਮੋਤੀ ਚੁਗ ਰਹੇ ਸਨ। ਇਲਾਹੀ ਬਾਣੀ ਦਾ ਨਿਰਬਾਣ ਕੀਰਤਨ 'ਸਾਧ ਸੰਗਤਿ ਬੈਕੁਠੈ ਆਹਿ' ਵਾਂਗ ਸੋਭਾ ਪਾ ਰਿਹਾ ਸੀ। ਆਸਾ ਦੀ ਵਾਰ ਦੇ ਦੌਰਾਨ ਹੀ ਕਮਰਕੱਸੇ ਸਜਾਈ ਤਿਆਰ ਬਰਤਿਆਰ ਸਿੰਘਾਂ ਨੇ ਸਤਿਗੁਰੂ ਜੀ ਦੇ ਸਨਮੁੱਖ ਹਾਲ ਦੇ ਵਿਚਕਾਰ ਹਵਨ ਅਰੰਭ ਕੀਤਾ ਤਾਂ ਸਮੁੱਚਾ ਵਾਤਾਵਰਣ ਦੈਵੀ ਸੁਗੰਧੀ ਨਾਲ ਭਰਪੂਰ ਹੋ ਗਿਆ। ਅਨੰਦ ਕਾਰਜਾਂ ਵਾਲੇ ਲੜਕੇ ਲੜਕੀਆਂ ਨੂੰ ਅੰਮ੍ਰਿਤ ਛਕਾ ਕੇ ਕੰਨਾਂ ਵਿੱਚ ਗੁਰਮੰਤ੍ਰ ਸੁਣਾਉਣ ਦੀ ਮਰਿਯਾਦਾ ਪੂਰੀ ਕੀਤੀ ਗਈ। ਗ੍ਰਿਹਸਤ ਜੀਵਨ ਵਿੱਚ ਪ੍ਰਵੇਸ਼ ਦੀ ਰਸਮ 'ਅਨੰਦ ਕਾਰਜ' ਇਕ ਨਵੇਂ ਜੀਵਨ ਦਾ ਸ਼ੁਭਅਰੰਭ ਮੰਨਿਆ ਜਾਂਦਾ ਹੈ ਇਸ ਲਈ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਰੰਭ ਕੀਤੀ 'ਗੁਰਮਤਿ ਅਨੰਦ ਕਾਰਜ' ਦੀ ਰਸਮ ਅੰਮ੍ਰਿਤ ਵੇਲੇ ਦੈਵੀ ਵਾਤਾਵਰਣ ਵਿੱਚ ਸੰਪੂਰਨ ਹੁੰਦੀ ਹੈ। ਮੰਚ ਤੇ ਦੋ ਪਾਲਕੀਆਂ ਸੱਜ ਗਈਆਂ- ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ

ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਕੜ੍ਹਾਹ ਪ੍ਰਸ਼ਾਦ ਦੀ ਦੇਗ ਆਉਣ ਤੇ ਜੈਕਾਰਾ ਗਜਾਇਆ ਗਿਆ ਅਤੇ ਅਦਬ ਵਜੋਂ ਸੰਗਤ ਉਠ ਕੇ ਖੜੀ ਹੋਈ।ਅਨੰਦ ਕਾਰਜ ਦੀ ਰਸਮ (ਫੇਰਿਆਂ) ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਲਿਆਣਕਾਰੀ ਪ੍ਰਵਚਨਾਂ ਨਾਲ ਸੰਗਤਾਂ ਨੂੰ ਕਿਰਤਾਰਥ ਕੀਤਾ। (ਇਹ ਉਪਦੇਸ਼ ਏਸੇ ਅੰਕ ਦੇ ਅਰੰਭ ਵਿੱਚ ਦਿੱਤਾ ਗਿਆ ਹੈ) ਪਹਿਲੋਂ ਹਵਨ ਦੀ ਸੁਗੰਧੀ ਅਤੇ ਫੇਰ ਕੜ੍ਹਾਹ ਪ੍ਰਸ਼ਾਦ ਦੀ ਅੰਮ੍ਰਿਤ ਦੇਗ ਦੀ ਮਹਿਕ, ਗੁਰਬਾਣੀ ਚੋਂ ਚੌਥੇ ਪਾਤਸ਼ਾਹ ਦੀਆਂ ਲਾਵਾਂ ਦਾ ਉਚਾਰਨ ਅਤੇ ਹਵਨ ਦੀ ਪਵਿੱਤਰ ਅਗਨੀ ਦੁਆਲੇ ਹੰਸ-ਹੰਸਨੀਆਂ ਵਾਂਗ ਸੋਭਾ ਪਾਉਂਦੇ ਸਿੰਘ-ਸਿੰਘਨੀਆਂ ਦੇ ਫੇਰੇ-ਸੱਤਯ-ਸ਼ਿਵਮ-ਸੁੰਦਰਮ ਦੇ ਸੁਮੇਲ ਜਿਉਂ ਸੋਭਾ ਪਾ ਰਿਹਾ ਸੀ।- ਸੰਤ ਬਲਕਾਰ ਸਿੰਘ ਜੀ ਦੇ ਸਿਖਾਏ 12 ਤੋਂ 15 ਸਾਲ ਤੱਕ ਦੇ ਬੱਚੇ ਅਤੇ ਬੱਚੀਆਂ ਨੇ ਲਾਵਾਂ ਦਾ ਅਤੇ ਨੌਵੇਂ ਮਹੱਲੇ ਦੇ ਸਲੋਕਾਂ ਦਾ ਪਾਠ ਕੀਤਾ। ਲੜਕੀਆਂ ਨੇ ਲਾਵਾਂ ਦਾ ਪਾਠ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਦੇ ਭੋਗਾਂ ਦੇ ਸਲੋਕ ਪੜੇ ਅਤੇ ਲੜਕਿਆਂ ਨੇ ਦਸਮ ਗੁਰੂ ਗ੍ਰੰਥ ਸਾਹਿਬ ਦੇ ਭੋਗ ਦੇ ਸਲੋਕਾਂ ਦਾ ਉਚਾਰਨ ਕੀਤਾ। ਸੂਬਾ ਬਲਵਿੰਦਰ ਸਿੰਘ ਜੀ ਨੇ ਹੋਲੇ ਮਹੱਲੇ ਦੇ ਭੋਗ ਦੀ ਅਰਦਾਸ ਕੀਤੀ।

ਅੱਠ ਜੋੜਿਆਂ ਦੇ ਅਨੰਦ ਕਾਰਜ

ਅਤੇ 157 ਆਦਿ ਗੁਰਬਾਣੀ ਅਤੇ 10 ਦਸਮ ਗੁਰਬਾਣੀ ਦੇ



ਪਾਠਾਂ ਦੇ ਭੋਗਾਂ ਦੀ ਅਰਦਾਸ ਹੋਈ।

ਪਾਠਾਂ ਦਾ ਵੇਰਵਾ:

ਦਸਮ ਗੁਰੂ ਗ੍ਰੰਥ ਸਾਹਿਬ ਦੇ 5 ਪਾਠ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ

5 ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ

**ਆਦਿ ਗੁਰੂ ਗ੍ਰੰਥ ਸਾਹਿਬ ਦੇ**

5 ਪਾਠ ਦਸਮ ਪਾਤਸ਼ਾਹ ਜੀ ਦੀ ਯਾਦ ਵਿੱਚ

5 ਪਾਠ ਸਤਿਗੁਰੂ ਬਾਲਕ ਸਿੰਘ ਜੀ ਦੀ ਯਾਦ ਵਿੱਚ

50 ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ



10 ਪਾਠ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਵਿੱਚ

15 ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ

20 ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ

10 ਪਾਠ ਸਤਿਗੁਰੂ ਉਦੇ ਸਿੰਘ ਜੀ ਦੀ ਦਰਸ਼ਨ ਭੇਟ ਅਤੇ ਪੰਥ ਦੀ ਚੜ੍ਹਦੀ ਕਲਾ ਨਮਿੱਤ

9 ਪਾਠ ਅਨੰਦ ਕਾਰਜਾਂ ਵਾਲਿਆਂ ਵੱਲੋਂ

23 ਪਾਠ ਸਿੱਖਾਂ ਵਲੋਂ ਮਨੋਕਾਮਨਾ ਨਮਿੱਤ

ਨਾਮਧਾਰੀ ਸੰਗਤ ਵਲੋਂ ਮਹਾਂਮਾਰੀ ਤੋਂ ਮਨੁੱਖਤਾ ਦੀ ਰੱਖਿਆ ਅਤੇ ਸਰਬੱਤ ਦੇ ਭਲੇ ਲਈ ਦਸਮ ਪਾਤਸ਼ਾਹ ਰਚਿਤ 'ਚੌਪਈ, ਦੇ ਤਿੰਨ ਲੱਖ ਚਾਰ ਸੌ ਸੌਲਾਂ (300416) ਪਾਠਾਂ ਦੀ ਅਰਦਾਸ ਵੀ ਕੀਤੀ ਗਈ।

ਅਰਦਾਸ ਉਪਰੰਤ ਆਦਿ ਅਤੇ ਦਸਮ ਗੁਰਬਾਣੀਦੇ



ਵਾਕ ਲੈਣ ਉਪਰੰਤ ਲੜਕੇ ਲੜਕੀਆਂ ਨੇ ਮੱਥਾ ਟੇਕਿਆ ਅਤੇ ਕੜ੍ਹਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਬੜੀ ਸ਼ਾਂਤੀ ਅਤੇ ਸ਼ਾਂਨ ਨਾਲ ਨਿਰਵਿਘਨ ਹੋਲੇ ਮਹੱਲੇ ਦੀ ਸੰਪੰਨਤਾ ਹੋਈ। ਦੋ ਕਾਵਿਕ ਸਤਰਾਂ ਨਾਲ ਹੋਲੇ-ਮਹੱਲੇ ਦੀ ਗਾਥਾ ਸਮਾਪਤਮ-ਸਤਿ ਕਰਦੇ ਹਾਂ:

ਮੇਲੇ ਲੱਗਦੇ ਰਹਿਣ ਸਤਿਗੁਰ ਫੱਬਦੇ ਰਹਿਣ,
ਸੰਤ ਖਾਲਸੇ ਦੀ ਉੱਚੀ ਸ਼ਾਨ ਹੋਵੇ॥

## ਹੋਲੇ ਮਹੱਲੇ ਦੀ ਸੇਵਾ-

ਸਵਰਗੀ ਸੰਤ ਤ੍ਰਿਲੋਕ ਸਿੰਘ ਅਤੇ ਮਾਤਾ ਸਵਰਣ ਕੌਰ ਦੇ ਸਪੁਤ੍ਰ ਸੰਤ ਨਰਿੰਦਰ ਸਿੰਘ ਅਤੇ ਬੀਬੀ ਕਿਰਨਜੀਤ ਕੌਰ ਵਲੋਂ ਇਸ ਹੋਲੇ ਮਹੱਲੇ ਦੀ ਸੇਵਾ ਪ੍ਰਵਾਨ ਹੋਈ।



ਸੰਤ ਨਰਿੰਦਰ ਸਿੰਘ ਜੀ ਦੇ ਦਾਦਾ ਸੰਤ ਪੰਜਾਬ ਸਿੰਘ ਜੀ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ। ਗਵਾਲੀਅਰ ਦੌਰੇ ਸਮੇਂ ਆਪ ਦੇ ਗ੍ਰਹਿ ਵਿਖੇ ਵੱਡ ਪ੍ਰਤਾਪੀ ਜੀ ਦਾ ਡੇਰਾ ਹੋਇਆ ਕਰਦਾ ਸੀ। ਨਰਿੰਦਰ ਸਿੰਘ ਜੀ ਦੇ ਦੱਸਣ ਅਨੁਸਾਰ ਗੁਰੂ ਚਰਨਾਂ ਦੀ ਪ੍ਰੀਤ ਅਤੇ ਪ੍ਰਤੀਤ ਆਪ ਨੂੰ ਪਿਤਾ ਦਾਦੇ ਤੋਂ ਵਿਰਾਸਤ ਦੇ ਰੂਪ ਵਿੱਚ ਮਿਲੀ। ਸੰਨ 1995 ਵਿੱਚ ਵਿਹਾਰਕ ਅਤੇ ਮਾਇਕ ਤੰਗੀਆਂ ਤਰੁਸ਼ੀਆਂ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚਾ ਹੁਕਮ ਕਰਕੇ ਨਾਮਧਾਰੀ ਸੀਡਜ (ਬੰਗਲੌਰ) ਭੇਜਿਆ। ਆਪ ਨੇ ਕਰੀਬ ਸੱਤ ਸਾਲ ਪਰਚੇਜ਼ਿੰਗ ਅਤੇ ਫਲਾਵਰ ਸੀਡਜ਼ ਇੰਪੋਟ ਦੀ ਜ਼ਿੰਮੇਵਾਰੀ ਨਿਭਾਈ। ਨਾਮਧਾਰੀ ਸੀਡਜ਼ ਵਿੱਚ ਜੋਬ ਮਿਲਣ ਕਰਕੇ ਬੱਚਿਆ ਦੀ ਵਧੀਆ ਪੜ੍ਹਾਈ ਅਤੇ ਪਰਿਵਾਰ ਦੀ ਚੰਗੀ ਸੈਟਿੰਗ ਹੋ ਗਈ। ਫਿਰ ਆਗਿਆ ਲੈ ਕੇ ਨਰਿੰਦਰ ਸਿੰਘ ਅਤੇ ਬੀਬੀ ਕਿਰਨਜੀਤ ਕੌਰ ਨੇ ਆਪਣਾ ਕੰਮ ਸ਼ੁਰੂ ਕੀਤਾ। ਸਟੂਡੈਂਟਸ ਨੂੰ ਟਿਫਨ ਪਰੋਵਾਈਡ ਕਰਨ ਦਾ ਛੋਟੇ ਪੱਧਰ ਤੋਂ ਸ਼ੁਰੂ ਕਰਕੇ ਹੁਣ ਚਾਰ ਵੱਡੇ ਕਾਲਜਾ ਵਿੱਚ ਮੈੱਸ ਦਾ ਕੰਟਰੈਕਟ ਆਪ ਪਾਸ ਹੈ। ਜਿੱਥੇ ਕਰੀਬ ਤਿੰਨ ਹਜ਼ਾਰ ਬੱਚੇ ਭੋਜਨ ਖਾਂਦੇ ਹਨ। ਨਾਨ ਵੈਜ਼ ਦੇ ਵੱਡੇ ਵੱਡੇ ਕੰਟਰੈਕਟ ਨਰਿੰਦਰ ਸਿੰਘ ਜੀ ਨੇ ਰਿਜੈਕਟ ਕੀਤੇ ਅਤੇ ਸ਼ੁੱਧ ਸ਼ਾਕਾਹਾਰੀ ਭੋਜਨ ਵਿੱਚ ਇਕ ਵਧੀਆ ਪਹਿਚਾਣ ਬਣਾਈ ਹੈ। ਆਪ ਦਸਦੇ ਹਨ ਕਿ ਬਹੁਤ ਹੀ ਉਲਝਣਾ ਅਤੇ ਉਤਾਰ ਚੜਾਵਾਂ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਹਮੇਸ਼ਾਂ ਸਾਡੇ ਅੰਗ ਸੰਗ ਰਹੀ। ਮੇਰਾ ਮਨ ਤਨ ਤਾਂ ਸਤਿਗੁਰੂ ਚਰਨਾਂ ਵਿੱਚ ਸਮਰਪਿਤ ਹੀ ਹੈ ਅਤੇ ਧਨ ਤਾਂ ਬਖਸ਼ਿਆ ਹੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹੈ। ਸਤਿਗੁਰੂ ਉਦੇ ਸਿੰਘ ਜੀ ਦੇ ਕੋਟਾਨ ਕੋਟ ਸ਼ੁਕਰ ਗੁਜਾਰ ਹਾਂ ਜੋ ਆਪ ਜੀ ਨੇ ਹੋਲੇ ਮਹੱਲੇ ਦੀ ਸੇਵਾ ਬਖਸ਼ੀ ਅਤੇ ਕਰਵਾ ਲਈ। ਸਤਿਗੁਰੂ ਸੱਚੇ ਪਾਤਸ਼ਾਹ ਸੰਤ ਨਰਿੰਦਰ ਸਿੰਘ ਜੀ ਦੇ ਸਿਰ ਤੇ ਸਦਾ ਵਾਸਤੇ ਮਿਹਰ ਭਰਿਆ ਹੱਥ ਰੱਖਣ।



# A SAGA OF
# SRI SATGURU JAGJIT SINGH JI

**✍-Dr. Sharada Jayagovind**

Patsha ji knew the difficulties of discharging one's religious duties during modern times. He said:

"It is difficult to perform long and arduous penance during Kaliyug as we are constantly battling with vices and the age is not conducive for devotion to God... In spite of it, if we are able to continue our jap and naam simran, we are truly the blessed souls.”

Very often disciples complained to Patsha ji that they were unable to concentrate during meditation. Patshaji, quoting from his father's discourse, explained to them the nature of the human mind is like a monkey which needs to be trained. There are two types of monkeys, an unchained mischievous one that jumps around and causes destruction and a chained one, which is playful but does not cause destruction. Similarly, though the mind wanders, meditation at least chains it to a righteous cause.”

Patsha ji elaborated on the steps which lead to fruitful meditation. He said one should try to focus the mind on the image of Satguru Ram Singh ji with a deep desire to receive His Holy presence. If this image of the Guru has to become ours, the mind should be pure. One should not harbour any hatred towards others and should clean the mind of anger, jealousy and lust. This is possible through meditation, when we introspect and turn inward. Instead, we often end up inspecting others and get more and more entangled in unwanted criticism of others.

When a disciple gives his mind to God, He in return gives him peace and happiness.

Once, a disciple told Patshaji that he could not sit for meditation for a long time. Patshaji asked him:

"For how long do you sit?”

The disciple answered:

"May be for half an hour.”

Satguru Jagjit Singh ji told the disciple that a mind which can focus on God for half an hour is better than a mind that is running wild and free. He assured the disciple that with practice his mind would become steady and move towards God.

**...... To be Continued**

# ਗੁਰੂ ਅਰਜਨ ਦੇਵ : ਸਮਕਾਲੀਆਂ ਦੀ ਨਜ਼ਰ ਵਿਚ

✍ਡਾ. ਬਲਵੰਤ ਸਿੰਘ ਢਿੱਲੋਂ

## ਪ੍ਰਕਾਸ਼ ਪੁਰਬ ਤੇ ਵਿਸ਼ੇਸ਼

ਅਪ੍ਰੈਲ 1563 ਈ. ਵਿਚ ਜਨਮੇ ਗੁਰੂ ਅਰਜਨ ਜੀ ਨੇ ਲਗਭਗ 25 ਵਰ੍ਹੇ (ਸਤੰਬਰ 1581 ਮਈ 1606) ਸਿੱਖ ਪੰਥ ਦੀ ਅਗੁਵਾਈ ਕੀਤੀ। ਸਿੱਖਾਂ ਦੇ ਧਾਰਮਿਕ ਰਹਿਬਰ ਹੋਣ ਤੋਂ ਇਲਾਵਾ ਆਪ ਗੁਰੂ ਪੁੱਤਰ ਤੇ ਗੁਰੂ ਪਿਤਾ ਵੀ ਸਨ। ਉੱਚ-ਅਧਿਆਤਮਿਕ ਤੇ ਇਖ਼ਲਾਕੀ ਕਦਰਾਂ ਕੀਮਤਾਂ ਨਾਲ ਸ਼ਿੰਗਾਰੀ ਇਸ ਸ਼ਖ਼ਸੀਅਤ ਦੀ ਇਕ ਕਵੀ, ਦਰਸ਼ਵੇਤਾ, ਪ੍ਰਚਾਰਕ, ਸੰਗਠਨਕਾਰ, ਸੰਗੀਤਕਾਰ, ਸੰਪਾਦਕ, ਭਵਨ ਤੇ ਨਗਰ ਨਿਰਮਾਤਾ ਵਜੋਂ ਨਿਭਾਈ ਭੂਮਿਕਾ ਦੇ ਪ੍ਰਤੱਖ ਪ੍ਰਮਾਣ ਅੱਜ ਵੀ ਪ੍ਰਾਪਤ ਹਨ।ਆਪ ਨੇ ਸਿੱਖ ਧਰਮ ਵਿਚ ਸ਼ਹੀਦੀ ਪਰੰਪਰਾ ਦਾ ਅਜਿਹਾ ਮੁੱਢ ਬੰਨਿਆ ਕਿ ਸਿੱਖ ਪੰਥ ਦਾ ਇਤਿਹਾਸ ਇਕ ਕਿਸਮ ਨਾਲ ਸ਼ਹੀਦਾਂ ਦਾ ਇਤਿਹਾਸ ਹੀ ਬਣ ਗਿਆ ਹੈ। ਸ਼ਹੀਦੀ ਦੌਰਾਨ ਜੋ ਸਬਰ, ਸਿਦਕ, ਆਤਮਿਕ ਤੇ ਮਾਨਸਿਕ ਬਲ ਦਾ ਮੁਜ਼ਾਹਿਰਾ ਗੁਰੂ ਅਰਜਨ ਦੇਵ ਜੀ ਨੇ ਕੀਤਾ ਉਹ ਸਿੱਖ ਸ਼ਹੀਦਾਂ ਲਈ ਸੰਕਟ ਨਾਲ ਜੂਝਣ ਲਈ ਹਮੇਸ਼ਾਂ ਹੀ ਪ੍ਰੇਰਨਾ ਤੇ ਉਤਸ਼ਾਹ ਦਿੰਦਾ ਰਿਹਾ ਹੈ। ਇਸੇ ਕਰਕੇ ਸਿੱਖ ਪੰਥ ਆਪ ਨੂੰ ਸ਼ਹੀਦਾਂ ਦੇ ਸਿਰਤਾਜ ਵਜੋਂ ਯਾਦ ਕਰਦਾ ਹੈ। ਹੱਥਲੇ ਅਧਿਐਨ ਦਾ ਪ੍ਰਯੋਜਨ ਗੁਰੂ ਸਾਹਿਬ ਦੀ ਬਹੁਪੱਖੀ ਸ਼ਖ਼ਸੀਅਤ ਬਾਰੇ ਵਿਚਾਰ ਕਰਨੀ ਹੈ। ਇਸ ਮਕਸਦ ਲਈ ਉਨ੍ਹਾਂ ਦੇ ਸਮਕਾਲੀਆਂ ਦੀਆਂ ਲਿਖਤਾਂ ਨੂੰ ਹੀ ਆਧਾਰ ਬਣਾਇਆ ਹੈ।

ਖੁਸ਼ਕਿਸਮਤੀ ਨਾਲ ਗੁਰੂ ਅਰਜਨ ਦੇਵ ਬਾਰੇ ਸਮਕਾਲੀ ਲਿਖਤਾਂ ਵਿਚ ਕਾਫ਼ੀ ਸਮੱਗਰੀ ਪ੍ਰਾਪਤ ਹੈ। ਭਾਸ਼ਾ ਦੀ ਦ੍ਰਿਸ਼ਟੀ ਤੋਂ ਇਹ ਸਮੱਗਰੀ ਫ਼ਾਰਸੀ, ਗੁਰਮੁਖੀ ਤੇ ਪੁਰਤਗਾਲੀ ਤਿੰਨ ਭਾਸ਼ਾਵਾਂ ਵਿਚ ਪ੍ਰਾਪਤ ਹੈ। ਇਨ੍ਹਾਂ ਦੇ ਰਚਨਾਕਾਰ ਵੱਖੋ-ਵੱਖਰੇ ਧਰਮਾਂ-ਹਿੰਦੂ ਮੱਤ, ਇਸਲਾਮ, ਪਾਰਸੀ ਮੱਤ, ਈਸਾਈ ਮੱਤ ਅਤੇ ਸਿੱਖ ਧਰਮ ਦੇ ਪੈਰੋਕਾਰ ਸਨ।ਰੁਤਬੇ ਤੇ ਪੇਸ਼ੇ ਦੇ ਪੱਖੋਂ ਇਨ੍ਹਾਂ ਵਿਚ ਬਾਦਸ਼ਾਹ, ਦਰਬਾਰੀ ਕਵੀ, ਇਤਿਹਾਸਕਾਰ, ਧਰਮ-ਸ਼ਾਸਤਰੀ ਤੇ ਧਰਮ-ਪ੍ਰਚਾਰਕ ਵੀ ਸ਼ਾਮਲ ਸਨ। ਗੁਰੂ ਅਰਜਨ ਦੇਵ ਬਾਰੇ ਵੰਨ-ਸੁਵੰਨੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਦ੍ਰਿਸ਼ਟੀਕੋਣਾਂ ਤੇ ਵਿਵਿਧ ਪਰਿਪੇਖਾਂ ਵਿਚੋਂ ਉਪਜੀ ਇਹ ਜਾਣਕਾਰੀ ਆਪਣੇ ਆਪ ਵਿਚ ਬੜੀ ਮਹੱਤਤਾ ਦੀ ਲਖਾਇਕ ਹੈ। ਇਸ ਵਿਚ ਗੁਰੂ ਅਰਜਨ ਦੇਵ ਦੀ ਸ਼ਖ਼ਸੀਅਤ ਬਾਰੇ ਬਾਹਰੀ ਤੇ ਅੰਦਰੂਨੀ ਦੋਨਾਂ ਤਰ੍ਹਾਂ ਦੀਆਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹਨ।

ਗੁਰੂ ਅਰਜਨ ਜੀ ਨੇ ਆਪਣਾ ਬਚਪਨ ਗੋਇੰਦਵਾਲ ਵਿਚ ਬਤੀਤ ਕੀਤਾ ਸੀ। ਉਸ ਵੇਲੇ ਆਪ ਦੀ ਅਸਧਾਰਨ ਪ੍ਰਤਿਭਾ ਨੂੰ ਮਹਿਸੂਸ ਕਰਦਿਆਂ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਨੇ ਆਪ ਨੂੰ 'ਬਾਣੀ ਦੇ ਬੋਹਿਥ' ਹੋਣ ਦਾ ਵਰ ਬਖ਼ਸ਼ਿਸ਼ ਕੀਤਾ ਸੀ। ਗੁਰਬਾਣੀ ਤੇ ਇਸ ਦੇ ਫ਼ਲਸਫ਼ੇ ਨੂੰ ਸਮਝਣ ਦੀ ਰੀਝ ਤੇ ਨੀਝ ਜੋ ਬਚਪਨ ਤੋਂ ਹੀ ਗੁਰੂ ਅਰਜਨ ਵਿਚ ਸੀ ਉਸ ਨੂੰ ਭੱਟ ਕਲ੍ਹ ਨੇ 'ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ' ਦੀ ਅਭਿਵਿਅਕਤੀ ਰਾਹੀਂ ਪ੍ਰਗਟ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਧਰਮ ਪ੍ਰਚਾਰ ਲਈ ਸਥਾਪਿਤ ਕੀਤੀਆਂ ਸੰਸਥਾਵਾਂ ਸਦਕਾ ਸਿੱਖ ਪੰਥ ਦੀ ਧਾਰਮਿਕ ਤੇ ਸਮਾਜਿਕ ਤੌਰ 'ਤੇ ਵਿਲੱਖਣ ਪਹਿਚਾਣ ਬਿਲਕੁਲ ਸਪੱਸ਼ਟ ਹੋ ਗਈ ਸੀ। ਸਿੱਖ ਧਰਮ ਦੀ ਲੋਕਪ੍ਰਿਯਤਾ ਇਤਨੀ ਵਧੀ ਕਿ ਇਸਨੇ ਮੁਗ਼ਲ ਬਾਦਸ਼ਾਹਾਂ ਦਾ ਧਿਆਨ ਵੀ ਆਪਣੀ ਵੱਲ ਖਿੱਚਿਆ। 16ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਪੰਜਾਬ ਵਿਚ ਭਿਅੰਕਰ ਕਾਲ ਤੇ ਪਲੇਗ ਫੈਲਿਆ ਹੋਇਆ ਸੀ। ਪਿਛਲੇ ਕੁਝ ਸਾਲਾਂ ਤੋਂ ਬਾਦਸ਼ਾਹ ਅਕਬਰ ਦਾ ਸਦਰ ਮੁਕਾਮ ਲਾਹੌਰ ਵਿਚ ਸੀ। 1598 ਈ. ਵਿਚ ਸ਼ਾਹੀ ਲਾਮ-ਲਸ਼ਕਰ ਦੇ ਪੰਜਾਬ ਵਿਚੋਂ ਕੂਚ ਕਰ ਜਾਣ ਨਾਲ ਅਨਾਜ ਸਸਤਾ ਹੋ ਗਿਆ ਸੀ ਜਦੋਂ ਕਿ ਮਾਲੀਏ ਦੀ ਦਰ ਉਹੀ ਪੁਰਾਣੀ ਸੀ। ਇਨ੍ਹਾਂ ਸਥਿਤੀਆਂ ਵਿਚ ਪੰਜਾਬ ਦੀ ਕਿਰਸਾਨੀ ਸਖ਼ਤ ਔੜ ਅਤੇ ਮਾਲੀਏ ਦੇ ਬੋਝ ਦੀ ਦੂਹਰੀ ਮਾਰ ਹੇਠ ਦੱਬੀ ਹੋਈ ਸੀ। ਨਵੰਬਰ 1598 ਈ. ਵਿਚ ਜਦ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਦੇ ਸਥਾਨ 'ਤੇ ਗੁਰੂ ਅਰਜਨ ਦੇਵ ਨਾਲ ਮੁਲਾਕਾਤ ਕੀਤੀ ਤਾਂ ਗੁਰੂ ਸਾਹਿਬ ਦੀ ਸਿਫ਼ਾਰਸ਼ 'ਤੇ ਮਾਲੀਏ ਦਾ ਛੇਵਾਂ ਹਿੱਸਾ ਮੁਆਫ਼ ਕਰ ਦਿੱਤਾ ਤੇ ਅਹਿਲਕਾਰਾਂ ਨੂੰ ਹੁਕਮ ਵੀ ਕੀਤਾ ਕਿ ਉਹ ਕਿਸਾਨਾਂ ਨਾਲ ਨਰਮੀ ਨਾਲ ਪੇਸ਼ ਆਉਣ।ਇਹ ਘਟਨਾ ਗੁਰੂ ਸਾਹਿਬ ਦੀ ਆਮ ਲੋਕਾਂ ਦੇ ਦੁੱਖ-ਤਕਲੀਫ਼ਾਂ ਵਿਚ ਭਾਈਵਾਲੀ ਤੇ ਹਮਦਰਦੀ ਦਾ ਨਿਰੂਪਣ ਕਰਦੀ ਹੈ। ਇਸ ਤੋਂ ਅਸੀਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਉਹ ਕਿਸ ਤਰ੍ਹਾਂ ਦੇ ਲੋਕ-ਹਿਤਕਾਰੀ ਤੇ ਪਰਉਪਕਾਰੀ ਸੁਭਾਅ ਦੇ ਮਾਲਕ ਸਨ। ਸ਼ਖਸ਼ੀਅਤ ਦੇ ਉਪਰੋਕਤ ਪੱਖ ਨੂੰ ਉਭਾਰਦਿਆਂ ਕੱਲ੍ਹ ਭੱਟ ਨੇ ਗੁਰੂ ਅਰਜਨ ਦੇਵ ਜੀ ਨੂੰ ਭਯਭੰਜਨ, ਪਰ ਦੁੱਖ

ਨਿਵਾਨ, ਪਰ ਪੀਰ ਨਿਵਾਰਨ, ਹਰਿ ਸਮ ਉਦਾਰ, ਮਹਾਦਾਨੀ ਆਦਿ ਹੋਣ ਦੀ ਸ਼ਾਹਦੀ ਭਰੀ ਹੈ।

ਜਹਾਂਗੀਰ ਨੇ ਆਪਣੀ ਆਤਮ-ਕਥਾ, ਤੁਜ਼ਕਿ-ਜਹਾਂਗੀਰੀ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ 'ਤੇ ਉਨ੍ਹਾਂ ਦੇ ਧਰਮ-ਪ੍ਰਚਾਰ ਬਾਰੇ ਕੁਝ ਟਿੱਪਣੀਆਂ ਕੀਤੀਆਂ ਹਨ, ਜਿਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ। ਉਹ ਲਿਖਦਾ ਹੈ, "ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਵਿਚ ਗੁਰੂ ਅਰਜਨ ਨੇ ਆਪਣੇ-ਆਪ ਨੂੰ ਇਕ ਬਹੁਤ ਵੱਡਾ ਧਾਰਮਿਕ ਨੇਤਾ ਹੋਣ ਦਾ ਢੋਂਗ ਰਚਾ ਰੱਖਿਆ ਸੀ ਤੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂ ਤੇ ਮੂਰਖ ਕਿਸਮ ਦੇ ਮੁਸਲਮਾਨ ਗੁਰੂ ਸਾਹਿਬ ਦੇ ਪੈਰੋਕਾਰ ਬਣ ਗਏ ਸਨ। ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਫ਼ਰੇਬ ਦੇ ਪੁਜਾਰੀ ਉਸ ਪਾਸ ਆ ਕੇ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜੀਆਂ ਤੋਂ ਉਹਨਾਂ ਦੀ ਇਹ ਦੁਕਾਨ ਗਰਮ ਸੀ। ਕਈ ਚਿਰ ਤੋਂ ਮੇਰੇ ਦਿਲ ਵਿਚ ਖਿਆਲ ਆਉਂਦਾ ਸੀ ਕਿ ਇਸ 'ਦੁਕਾਨ-ਏ-ਬਾਤਿਲ' (ਝੂਠ ਦੇ ਵਪਾਰ) ਨੂੰ ਬੰਦ ਕਰਨਾ ਚਾਹੀਦਾ ਹੈ। ਬਾਦਸ਼ਾਹ ਦੀ ਕਲਮ ਤੋਂ ਨਿਕਲਿਆ ਇਹ ਫ਼ਤਵਾ ਕਿ ਗੁਰੂ ਅਰਜਨ ਦੇਵ ਜੀ ਦਾ ਧਾਰਮਿਕ ਕੇਂਦਰ 'ਦੁਕਾਨ-ਏਬਾਤਿਲ ਹੈ ਤੇ ਏਥੇ ਫ਼ਰੇਬੀ ਤੇ ਫ਼ਰੇਬ ਦੇ ਪੁਜਾਰੀ ਇਕੱਠੇ ਹੁੰਦੇ ਹਨ, ਹਕੀਕਤ ਨੂੰ ਨਹੀਂ ਬਲਕਿ ਉਸਦੇ ਤੁਅਸਬੀ ਸੁਭਾਅ ਦੇ ਅਸਹਿਣਸ਼ੀਲ ਵਿਹਾਰ ਦਾ ਨਿਰੂਪਣ ਕਰਦਾ ਹੈ।

ਗੁਰੂ ਅਰਜਨ ਦੇਵ ਵਿਰੁੱਧ ਬਾਦਸ਼ਾਹ ਜਹਾਂਗੀਰ ਦੀ ਕਾਰਵਾਈ ਉੱਪਰ ਸ਼ੇਖ਼ ਅਹਿਮਦ ਸਿਰਹੰਦੀ ਮੁਜੱਦਿਦ ਅਲਫ਼ ਸਾਨੀ ਜਿੱਥੇ ਪ੍ਰਸ਼ੰਸਾ ਤੇ ਤਸੱਲੀ ਜ਼ਾਹਿਰ ਕਰਦਾ ਹੈ ਉਥੇ ਨਾਲ ਹੀ ਗੁਰੂ ਸਾਹਿਬ ਲਈ ਗੋਇੰਦਵਾਲ ਦਾ ਲਾਅਨਤੀ ਕਾਫ਼ਿਰ, ਕਾਫ਼ਿਰਾਂ ਦਾ ਸਿਰਦਾਰ, ਕੁਫ਼ਰ ਦਾ ਸਿਰਤਾਜ ਆਦਿ ਅਪਮਾਨਜਨਕ ਸ਼ਬਦਾਵਲੀ ਵਿਚ ਆਪਣੀ ਧਾਰਮਿਕ ਕੱਟੜਤਾ ਦਾ ਇਜ਼ਹਾਰ ਕਰਦਾ ਹੈ। ਸਪਸ਼ੱਟ ਹੈ ਕਿ ਬਾਦਸ਼ਾਹ ਜਹਾਂਗੀਰ ਤੇ ਸ਼ੇਖ਼ ਅਹਿਮਦ ਸਿਰਹੰਦੀ ਨੂੰ ਗੁਰੂ ਅਰਜਨ ਦੇਵ ਅਧੀਨ ਸਿੱਖ ਧਰਮ ਦਾ ਵਧ ਰਿਹਾ ਪ੍ਰਭਾਵ ਨਹੀਂ ਸੀ ਸੁਖਾਉਂਦਾ। ਇਸ ਦੇ ਉਲਟ ਅਬੁਲ ਫ਼ਜ਼ਲ ਉਦਾਰਵਾਦੀ ਵਿਹਾਰ ਦੀ ਪ੍ਰਤਿਨਿਧਤਾ ਕਰਦਾ ਹੋਇਆ ਗੁਰੂ ਅਰਜਨ ਨੂੰ ਇਕ ਧਾਰਮਿਕ ਆਗੂ ਸਵੀਕਾਰਦਾ ਹੈ ਤੇ ਉਨ੍ਹਾਂ ਨੂੰ ਰੂਹਾਨੀ ਪਿਆਰ ਦਾ ਖ਼ਜ਼ਾਨਾ ਸਮਝਦਾ ਹੈ। ਈਸਾਈ ਮਿਸ਼ਨਰੀ ਫਾਦਰ ਜੀਰੋਮ ਅਗਜ਼ੇਵੀਅਰ ਨੇ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਚਾਰ ਕੁ ਮਹੀਨੇ ਬਾਅਦ 25 ਸਤੰਬਰ, 1606 ਨੂੰ ਲਾਹੌਰ ਤੋਂ ਲਿਖੇ ਇਕ ਖ਼ਤ ਵਿਚ ਗੁਰੂ ਅਰਜਨ ਨੂੰ ਸਾਮੀ ਪਰੰਪਰਾ ਤੋਂ ਬਾਹਰਲੇ ਇਕ ਐਸੇ ਧਾਰਮਿਕ ਗੁਰੂ ਵਜੋਂ ਪ੍ਰਸਤੁਤ ਕੀਤਾ ਹੈ ਜਿਸ ਦਾ ਰੁਤਬਾ ਈਸਾਈ ਧਰਮ ਦੇ ਪੋਪ ਵਰਗਾ ਹੈ। ਉਹ ਗੁਰੂ ਸਾਹਿਬ ਨੂੰ ਪਵਿੱਤਰ ਤੇ ਸਤਿਕਾਰਿਤ ਸ਼ਖ਼ਸੀਅਤ ਤਸੱਵਰ ਕਰਦਾ ਹੈ ਜਿਸ ਦੀ ਲੋਕਾਂ ਵਿਚ ਕਾਫ਼ੀ ਸ਼ੋਭਾ ਤੇ ਸ਼ੁਹਰਤ ਸੀ।

ਗੁਰੂ ਅਰਜਨ ਦੇਵ ਜੀ ਦੁਆਰਾ ਸੰਚਾਲਿਤ ਧਾਰਮਿਕ ਕੇਂਦਰ 'ਦੁਕਾਨ-ਏ-ਬਾਤਿਲ ਨਹੀਂ ਬਲਕਿ ਸੱਚ ਦੀ ਧਰਮਸਾਲਾ ਸੀ। ਏਥੇ ਫ਼ਰੇਬੀ ਤੇ ਫ਼ਰੇਬ ਦੇ ਪੁਜਾਰੀ ਨਹੀਂ ਬਲਕਿ ਉੱਚੀਆਂ ਇਖ਼ਲਾਕੀ ਕਦਰਾਂ-ਕੀਮਤਾਂ ਵਾਲੇ ਗੁਰਸਿੱਖ ਇਕੱਠੇ ਹੁੰਦੇ ਸਨ। ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਤੇ ਸਿੱਖੀ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਦੇ ਕਹਿਣ ਅਨੁਸਾਰ ਗੁਰੂ ਸਾਹਿਬ ਦੇ ਦਰਬਾਰ ਵਿਚ ਝੂਠ ਦਾ ਵਪਾਰ ਨਹੀਂ ਬਲਕਿ ਸੁਰਤਿ ਨੂੰ ਸ਼ਬਦ ਨਾਲ ਜੋੜਨ ਦਾ ਬੜਾ ਲਾਹੇਵੰਦਾ ਵਪਾਰ ਹੁੰਦਾ ਸੀ :

ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ॥

ਇਸੇ ਹਕੀਕਤ ਨੂੰ ਭਾਈ ਸਾਹਿਬ ਨੇ "ਗੁਰੂ ਅਰਜਨ ਸਚ ਸਿਰਜਨਹਾਰਾ' ਕਹਿ ਕੇ ਦੁਹਰਾਇਆ ਹੈ। ਦੂਜੇ ਪਾਸੇ ਗੁਰੂ ਘਰ ਦੇ ਰਬਾਬੀ ਤੇ ਗੁਰੂ ਅਰਜਨ ਦੇਵ ਦੇ ਸਮਕਾਲੀ ਸੱਤਾ ਤੇ ਬਲਵੰਡ ਮੁਤਾਬਕ ਗੁਰੂ ਸਾਹਿਬ ਦੀ ਦੂਣੀ-ਚਉਣੀ ਸ਼ੋਭਾ ਏਸੇ ਕਰਕੇ ਸੀ ਕਿ ਉਹ ਆਪ ਸੱਚੇ ਹਨ ਤੇ ਸੱਚ ਦਾ ਹੀ ਉਨ੍ਹਾਂ ਨੂੰ ਆਸਰਾ ਸੀ :

ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ।
ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥
(ਗੁਰੂ ਗ੍ਰੰਥ ਸਾਹਿਬ, ਪੰਨਾ 968)

ਕਲ੍ਹ ਭੱਟ ਦੀ ਨਜ਼ਰ ਵਿਚ ਗੁਰੂ ਅਰਜਨ ਦੇਵ ਨੂੰ ਧਰਮ ਤੋਂ ਬਗੈਰ ਹੋਰ ਕੋਈ ਸਹਾਰਾ ਹੀ ਨਹੀਂ (ਧਰਮ ਧੀਰ)। ਉਸਨੇ ਬਾਦਸ਼ਾਹ ਜਹਾਂਗੀਰ ਦੇ ਉਲਟ ਗੁਰੂ ਅਰਜਨ ਦੇਵ ਜੀ ਦੀ ਧਰਮ ਦੇ ਧਵੱਜ ਨਾਲ ਤੁਲਨਾ ਕੀਤੀ ਹੈ :

ਕੁਲਿ ਸੋਢੀ ਗੁਰੂ ਰਾਮਦਾਸ ਤਨੁ ਧਰਮ ਧੁਜਾ ਅਰਜਨ ਹਰਿ ਭਗਤਾ॥ (ਗੁਰੂ ਗ੍ਰੰਥ ਸਾਹਿਬ, ਪੰਨਾ 1408)

ਭੱਟ ਕਵੀਆਂ ਦੁਆਰਾ ਪ੍ਰਸਤੁਤ ਬਿੰਬ ਦੀ ਇਹ ਵਿਸ਼ੇਸ਼ਤਾ ਵੀ ਹੈ ਕਿ ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਉੱਚ ਅਧਿਆਤਮਿਕ, ਇਖ਼ਲਾਕੀ ਅਤੇ ਦੈਵੀ ਗੁਣਾਂ ਨਾਲ ਅਲੰਕਰਿਤ ਕੀਤਾ ਹੈ। ਮਥੁਰਾ ਭੱਟ ਨੂੰ ਗੁਰੂ ਸਾਹਿਬ ਤੇ ਪਾਰਬ੍ਰਹਮ ਵਿਚਕਾਰ ਕੋਈ ਭਿੰਨ-ਭੇਦ ਨਹੀਂ ਭਾਸਦਾ :

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਹ ਹਰਿ॥
(ਗੁਰੂ ਗ੍ਰੰਥ ਸਾਹਿਬ, ਪੰਨਾ 1409}

ਕਲ੍ਹ ਭੱਟ ਨੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੀ ਸ਼ੋਭਾ ਕਰਦਿਆਂ ਉਨ੍ਹਾਂ ਨੂੰ ਸਬਰ-ਸੰਤੋਖ (ਸੰਤੋਖ ਸਮਾਰਿਓ,

ਨਿਰਮਲ ਬੁਧ (ਬਿਮਲਿ ਬੁਧਿ), ਬੇਦਾਗ ਸ਼ਖ਼ਸੀਅਤ (ਨਿਰਮਲ ਭੇਖ), ਦੈਵੀ ਅਨੁਭਵ ਨਾਲ ਸਰਬਾਰ (ਅਪਾਰੁ ਅਨਭਉ), ਲੰਮੀ ਨਦਰ ਭਾਵ ਦੂਰ-ਅੰਦੇਸ਼ (ਅਪਰੰਪਰ ਬੀਣਾ), ਰੱਬ ਵਰਗਾ ਉਦਾਰ ਚਿਤ (ਹਰਿ ਸਮ ਉਦਾਰ), ਮਹਾਦਾਨੀ (ਮਹਾਦਾਨਿ), ਚਾਨਣ ਦੇ ਮੁਨਾਰੇ (ਜਗ ਅਉਰੁ ਨ ਯਾਹਿ ਮਹਾਤਮ ਮੈਂ) ਆਦਿ ਗੁਣਾਂ ਨਾਲ ਸੁਸ਼ੋਭਿਤ ਕੀਤਾ ਹੈ। ਭਾਈ ਗੁਰਦਾਸ ਲਈ ਗੁਰੂ ਸਾਹਿਬ ਗਿਆਨ ਨੂੰ ਪ੍ਰਾਪਤ ਆਦਰਸ਼ ਮਨੁੱਖ ਹਨ, ਜਿਨ੍ਹਾਂ ਦੀ ਸਿੱਖਿਆ ਨੇ ਅਨੇਕਾਂ ਸਿੱਖਾਂ ਨੂੰ ਰਾਜਾ ਜਨਕ ਵਰਗੇ ਮਾਇਆ ਵਿਚ ਉਦਾਸ ਰਹਿਣ ਵਾਲੇ ਭਗਤਾਂ ਵਿਚ ਪਰਿਵਰਤਿਤ ਕਰ ਦਿੱਤਾ ਹੈ।

ਮਾਇਆ ਵਿਚਿ ਉਦਾਸੁ ਕਰਿ ਗੁਰੁ
ਸਿਖ ਜਨਕ ਅਸੰਖ ਭਗਤਾ॥

ਸਿੱਖ ਧਰਮ ਆਤਮਿਕ ਪ੍ਰਤੀ ਜਾਂ ਦੇਵੀ-ਵਸਲ ਲਈ ਘਰ, ਪਰਿਵਾਰ, ਸਮਾਜ ਤੇ ਸੰਸਾਰ ਦੇ ਤਿਆਗ ਦਾ ਸੰਦੇਸ਼ ਨਹੀਂ ਦਿੰਦਾ। ਹਠਯੋਗ ਦੇ ਸਾਧਨ-ਸੰਨਿਆਸ, ਤਪ, ਵਰਤ, ਨੇਮ ਆਦਿ ਨੂੰ ਏਥੇ ਕੋਈ ਸਥਾਨ ਨਹੀਂ। ਇਹ ਇਕ ਐਸੇ ਆਦਰਸ਼ ਮਨੁੱਖ ਦੀ ਸਿਰਜਣਾ ਕਰਦਾ ਹੈ , ਜੋ ਸੰਸਾਰ ਵਿਚ ਆਪਣੀਆਂ ਸਮਾਜਿਕ ਜ਼ੁੰਮੇਵਾਰੀਆਂ ਵੀ ਨਿਭਾਉਂਦਾ ਹੈ ਤੇ ਮੋਹ-ਮਾਇਆ ਤੋਂ ਨਿਰਲੇਪ ਵੀ ਰਹਿੰਦਾ ਹੈ। ਉਹ ਸਮਾਜ ਵਿਚ ਇਕ ਆਮ ਮਨੁੱਖ ਦੀ ਤਰ੍ਹਾਂ ਕੁਦਰਤੀ ਢੰਗ ਨਾਲ ਜੀਵਨ ਬਸਰ ਕਰਦਾ ਹੋਇਆ ਆਤਮਿਕ ਸ਼ੁੱਧੀ ਤੋਂ ਆਤਮਿਕ ਅਨੁਭੂਤੀ ਦੀ ਮੰਜ਼ਲ ਵੱਲ ਅਗਰਸਰ ਹੁੰਦਾ ਹੈ। ਇਸ ਜੀਵਨ ਜਾਚ ਨੂੰ ਸਹਿਜ-ਮਾਰਗ ਭਾਵ ਸਹਿਜ ਯੋਗ ਕਿਹਾ ਜਾਂਦਾ ਹੈ । ਏਸੇ ਹੀ ਤਰ੍ਹਾਂ ਸਿੱਖ ਧਰਮ ਗ੍ਰਹਿਸਥ ਮਾਰਗ ਦਾ ਮੁਦੱਈ ਹੈ, ਜਿੱਥੇ ਘਾਲ ਕਮਾਈ 'ਤੇ ਉੱਦਮ ਨੂੰ ਬੜੀ ਤਰਜੀਹ ਹੈ । ਮਿਹਨਤ, ਮੁਸ਼ੱਕਤ ਤੇ ਈਮਾਨਦਾਰੀ ਸਹਿਤ ਪ੍ਰਾਪਤ ਕੀਤੀ ਦੁਨਿਆਵੀ ਪ੍ਰਗਤੀ 'ਤੇ ਰੁਤਬਿਆਂ ਦਾ ਤ੍ਰਿਸਕਾਰ ਨਹੀਂ ਬਲਕਿ ਮਾਇਆ ਵਿਚ ਉਦਾਸ ਭਾਵ ਅਮੀਰੀ ਵਿਚ ਗਰੀਬੀ ਵੇਸ ਰੱਖਣ ਦਾ ਸੰਦੇਸ਼ ਹੈ। ਇਹ ਆਤਮਿਕ ਗਿਆਨ ਦੁਆਰਾ ਪ੍ਰਾਪਤ ਕੀਤੀ ਉਹ ਅਵਸਥਾ ਹੈ, ਜਿੱਥੇ ਮਨੁੱਖ ਆਪਣੀ ਧਨ-ਦੌਲਤ ਤੇ ਉੱਚੇ ਰੁਤਬੇ ਨੂੰ ਅਹੰਕਾਰ ਵਸ ਆਪਣੇ ਨਿੱਜੀ ਲਾਭ, ਮਨੋ-ਕਾਮਨਾਵਾਂ ਜਾਂ ਵਾਸ਼ਨਾਵਾਂ ਦੀ ਤ੍ਰਿਪਤੀ ਲਈ ਨਹੀਂ ਬਲਕਿ ਮਨੁੱਖਤਾ 'ਤੇ ਸਮਾਜ ਦੇ ਕਲਿਆਣ ਲਈ ਪ੍ਰਯੋਗ ਕਰਦਾ ਹੈ। ਭਾਰਤੀ ਪਰੰਪਰਾ ਵਿਚ ਇਸ ਜੀਵਨ-ਜੁਗਤ ਨੂੰ ਰਾਜ-ਜੋਗ ਦਾ ਨਾਮ ਦਿੱਤਾ ਜਾਂਦਾ ਹੈ।

ਇਹ ਇਕ ਸੱਚਾਈ ਹੈ ਕਿ ਸਿੱਖਾਂ ਲਈ ਆਪਣੇ ਗੁਰੂ ਪ੍ਰਤਿ ਸ਼ਰਧਾ, ਸਤਿਕਾਰ, ਵਫ਼ਾਦਾਰੀ ਤੇ ਰੁਤਬਾ ਕਿਸੇ ਦੁਨਿਆਵੀ ਪਾਤਸ਼ਾਹ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ ਬਲਕਿ ਸਿੱਖ ਮੁਗ਼ਲ ਬਾਦਸ਼ਾਹ ਦੇ ਮੁਕਾਬਲੇ ਆਪਣੇ ਗੁਰੂ ਨੂੰ ਸੱਚਾ ਪਾਤਸ਼ਾਹ ਤਸੱਵਰ ਕਰਦੇ ਸਨ, ਜਿਸਦੀ ਪੁਸ਼ਟੀ 'ਦਬਿਸਤਾਨਿ-ਮਜ਼ਾਹਿਬ' ਦੇ ਕਰਤਾ ਨੇ ਵੀ ਕੀਤੀ ਹੈ । ਏਸੇ ਦ੍ਰਿਸ਼ਟੀ ਤੋਂ ਸੱਤਾ ਤੇ ਬਲਵੰਡ ਅਤੇ ਹਰਬੰਸ ਭੱਟ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਨੂੰ ਰਾਜਸੀ ਸੱਤਾ ਵਾਲੇ ਅਲੰਕਾਰਾਂ-ਤਖ਼ਤ, ਸਿੰਘਾਸਣ , ਚਵਰ , ਛੱਤਰ ਆਦਿ ਰਾਹੀਂ ਵਰਣਨ ਕਰਦੇ ਹਨ:

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥
(ਗੁਰੂ ਗ੍ਰੰਥ ਸਾਹਿਬ, ਪੰਨਾ 968)

ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਨੂੰ 'ਤਖਤੁ ਬਖਤੁ ਲੈ ਮਲਿਆ' ਤੇ 'ਅਬਚਲੁ ਰਾਜੁ ਦੇ ਸੰਬੋਧਨਾਂ ਰਾਹੀਂ ਪੇਸ਼ ਕਰਦੇ ਹਨ। ਗੁਰੂ ਅਰਜਨ ਦੇਵ ਜੀ ਦੇ ਸ਼ਖ਼ਸੀਅਤ ਦੇ ਉਪਰੋਕਤ ਸਰੂਪ ਦੀ ਦੁਨਿਆਵੀ ਬਾਦਸ਼ਾਹ ਨਾਲੋਂ ਕਾਫ਼ੀ ਭਿੰਨਤਾ ਸੀ। ਕਲ੍ਹ ਭੱਟ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਹਜ ਜੋਗ (ਸਹਜਿ ਜੋਗ ਨਿਜ ਪਾਇਯਉ) ਨੂੰ ਨਿੱਜੀ ਤੌਰ 'ਤੇ ਅਨੁਭਵ ਕੀਤਾ ਹੈ। ਇੱਥੇ ਹੀ ਬਸ ਨਹੀਂ ਉਹ ਪੁਕਾਰ ਕੇ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ 'ਰਾਜ ਮਹਿ ਜੋਗ' ਨੂੰ ਕਮਾਇਆ ਵੀ ਹੈ ਅਤੇ 'ਰਾਜੁ ਜੋਗੁ ਰਸੁ' ਨੂੰ ਜਾਣਿਆ ਵੀ ਹੈ। ਇਸ ਤਰ੍ਹਾਂ ਸਾਰੇ ਸਮਕਾਲੀ ਇਕ ਪਾਸੇ ਗੁਰੂ ਜੀ ਦੀ ਸ਼ਖ਼ਸੀਅਤ ਵਿਚ ਸੰਤੁਲਨ ਤੇ ਦੂਸਰੇ ਪਾਸੇ ਗੁਰਿਆਈ ਦੀ ਸੰਸਥਾ ਨੂੰ ਦੇਵੀ ਰਾਜ ਵਿਵਸਥਾ ਦੇ ਬਰਾਬਰ ਦਾ ਦਰਜਾ ਦਿੰਦੇ ਹਨ। ਏਸੇ ਪੱਖ ਨੂੰ ਅੱਗੇ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਭਾਈ ਨੰਦ ਲਾਲ ਨੇ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਦੇ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਦੈਵੀ-ਉਦੇਸ਼ ਅਨੁਸਾਰ ਮਨੁੱਖਤਾ ਦੇ ਕਲਿਆਣ ਹਿੱਤ ਪ੍ਰਗਟ ਹੋਏ ਸਨ। ਉਨ੍ਹਾਂ ਦਾ ਮਿਸ਼ਨ ਸਮੁੱਚੇ ਵਿਸ਼ਵ ਨੂੰ ਬਦੀ ਮੁਕਤ ਕਰਕੇ ਸਾਰੀ ਮਨੁੱਖਤਾ ਨੂੰ ਇਕ ਨਵੇਂ ਭਾਈਚਾਰੇ ਵਿਚ ਸੰਗਠਿਤ ਕਰਨਾ ਸੀ, ਇਸ ਲਈ ਭਾਈ ਗੁਰਦਾਸ ਉਨ੍ਹਾਂ ਨੂੰ 'ਜ਼ਾਹਰ ਪੀਰ ਜਗਤ ਗੁਰ ਬਾਬਾ' ਦੇ ਰੂਪ ਵਿਚ ਪ੍ਰਸਤੁੱਤ ਕਰਦਾ ਹੈ। ਏਸੇ ਪਰੰਪਰਾ ਦਾ ਅਨੁਸਰਨ ਕਰਦਾ ਹੋਇਆ ਕਲ੍ਹ ਭੱਟ ਗੁਰੂ ਅਰਜਨ ਦੇਵ ਜੀ ਦੀ ਤੁਲਨਾ ਭਵਸਾਗਰ ਤੋਂ ਪਾਰ ਲੰਘਾਉਣ ਵਾਲੇ ਦੈਵੀ-ਜਹਾਜ਼ (ਹਰੀ ਕਾ ਬੋਹਿਥਾ) ਨਾਲ ਕਰਦਾ ਹੈ। ਇਵੇਂ ਹੀ ਮਥੁਰਾ ਭੱਟ ਗੁਰੂ ਸਾਹਿਬ ਦੀ ਪ੍ਰਸ਼ੰਸਾ 'ਕਲਿਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ' ਰਾਹੀਂ ਕਰਦਾ ਹੈ। ਉਹ ਵਿਸ਼ਵਾਸ ਕਰਦਾ ਹੈ ਕਿ ਗੁਰੂ ਰਾਮਦਾਸ ਨੇ ਗੁਰੂ

ਅਰਜਨ ਦੇਵ ਨੂੰ ਗੁਰਿਆਈ ਜਗਤ ਦੇ ਉਧਾਰ ਹਿਤ ਦਿੱਤੀ ਹੈ :

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥ (ਗੁਰੂ ਗ੍ਰੰਥ ਸਾਹਿਬ, ਪੰਨਾ 1409)

ਹਰਬੰਸ ਭੱਟ ਅਨੁਸਾਰ ਗੁਰੂ ਅਰਜਨ ਦੀ ਗੁਰਿਆਈ ਕਿਸੇ ਖਾਸ ਦੇਸ਼ ਜਾਂ ਕੌਮ ਤੱਕ ਸੀਮਿਤ ਨਹੀਂ। ਇਹ ਦੇਸ਼ਾਂ, ਧਰਮਾਂ, ਕੌਮਾਂ, ਨਸਲਾਂ ਆਦਿ ਦੇ ਹਦਬੰਦਿਆਂ ਨੂੰ ਲੰਘਦੀ ਹੋਈ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ :

ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥ (ਗੁਰੂ ਗ੍ਰੰਥ ਸਾਹਿਬ, ਪੰਨਾ 1409)

ਗੁਰੂ ਸਾਹਿਬ ਦੀ ਮਿਕਨਾਤੀਸੀ ਸ਼ਖ਼ਸੀਅਤ ਤੋਂ ਮੁਕਤੀਦਾਇਕ ਸੰਦੇਸ਼ ਤੋਂ ਪ੍ਰਭਾਵਿਤ ਹੋ ਕੇ ਮਥੁਰਾ ਭੱਟ ਬੁਲੰਦ ਅਵਾਜ਼ ਵਿਚ ਘੋਸ਼ਣਾ ਕਰਦਾ ਹੈ ਕਿ :

ਜਪ੍ਉ ਜਿਨੁ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥ (ਗੁਰੂ ਗ੍ਰੰਥ ਸਾਹਿਬ, ਪੰਨਾ 1409)

ਸਿੱਖ ਧਰਮ ਵਿਚ ਗੁਰੂ ਦਾ ਸਰੂਪ ਸ਼ਖ਼ਸੀ (***Personal***) ਨਹੀਂ ਬਲਕਿ ਗ਼ੈਰ-ਸ਼ਖ਼ਸੀ (***Impersonal***) ਹੈ। ਗੁਰਿਆਈ ਲਈ ਉਤਰਾਧਿਕਾਰੀ ਦੀ ਚੋਣ ਵਿਰਾਸਤ ਦੇ ਨਿਯਮਾਂ ਅਨੁਸਾਰ ਨਹੀਂ ਬਲਕਿ ਯੋਗਤਾ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਸਿੱਖ ਗੁਰੂ-ਸਾਹਿਬਾਨ; ਭਾਵੇਂ ਸਰੀਰਕ ਤੌਰ 'ਤੇ ਭਿੰਨ ਸਨ ਪਰ ਉਹ ਨਾਨਕ ਜੋਤ ਦੇ ਹੀ ਵਾਹਨ ਤੇ ਵਾਰਿਸ ਸਨ। 'ਜੋਤ' ਦੇ ਸਿੱਧਾਂਤ ਨੇ ਗੁਰੂ ਨਾਨਕ ਦੇਵ ਜੀ ਦੇ ਅਧਿਕਾਰ ਤੇ ਅਧਿਆਤਮਿਕ ਵਿਰਾਸਤ ਨੂੰ ਦੂਸਰੇ ਸਿੱਖ ਗੁਰੂ ਸਾਹਿਬਾਨ ਤੱਕ ਵਿਸਥਾਰਨ ਦੀ ਭੂਮਿਕਾ ਨਿਭਾਈ। ਭਾਵੇਂ ਵਿਘਨਕਾਰੀ ਤੱਤਾਂ ਖ਼ਾਸ ਕਰਕੇ ਮੀਣਿਆਂ ਨੇ ਸਿੱਖ ਪੰਥ ਦੀ ਗੁਰਿਆਈ ਹਥਿਆਉਣ ਦੇ ਬਥੇਰੇ ਯਤਨ ਕੀਤੇ ਪਰ 'ਜੋਤ' ਦੇ ਸਿਧਾਂਤ ਨੇ ਸਿੱਖ ਪੰਥ ਦੇ ਸੰਗਠਨਾਤਮਿਕ ਏਕੇ ਤੇ ਸਿਧਾਂਤਕ ਸ਼ੁੱਧਤਾ ਨੂੰ ਕਾਇਮ ਰੱਖਿਆ। ਗੁਰੂ ਅਰਜਨ ਦੇਵ ਜੀ ਦੀ ਆਪਣੇ ਤੋਂ ਪੂਰਬਲੇ ਸਿੱਖ ਗੁਰੂ-ਸਾਹਿਬਾਨ ਨਾਲ ਅਭੇਦਤਾ ਤੇ ਉਨ੍ਹਾਂ ਵਿਚ ਉਸੇ 'ਨਾਨਕ' ਜੋਤ ਦੇ ਪ੍ਰਵਾਹ ਦੇ ਵਿਸ਼ਵਾਸ ਨੂੰ ਸਾਰੇ ਹੀ ਸਮਕਾਲੀਆਂ ਨੇ ਪੁਸ਼ਟ ਕੀਤਾ ਹੈ। ਦਬਿਸਤਾਨਿਮਜ਼ਾਹਿਬ ਦਾ ਲੇਖਕ ਮੋਹਸਨ ਫਾਨੀ ਲਿਖਦਾ ਹੈ ਕਿ "ਸਿੱਖਾਂ ਨੂੰ ਭਰੋਸਾ ਹੈ ਕਿ ਗੁਰੂ ਨਾਨਕ ਦੀ ਰੂਹ ਉਨ੍ਹਾਂ ਪਿਛੋਂ ਉਨ੍ਹਾਂ ਦੇ ਖ਼ਾਸ ਸੇਵਕ ਗੁਰੂ ਅੰਗਦ ਵਿਚ ਪ੍ਰਵੇਸ਼ ਹੋ ਗਈ, ਤੇ ਗੁਰੂ ਅੰਗਦ ਗੁਰੂ ਨਾਨਕ ਹੈ। ਗੁਰੂ ਅੰਗਦ ਤੋਂ ਗੁਰੂ ਅਮਰਦਾਸ ਤੇ ਇਸ ਤਰ੍ਹਾਂ ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਤੇ ਗੁਰੂ ਰਾਮਦਾਸ ਤੋਂ ਗੁਰੂ ਅਰਜਨ ਵਿਚ ਜੋਤ ਪ੍ਰਵੇਸ਼ ਹੋਈ ...ਜੋ ਗੁਰੂ ਅਰਜਨ ਨੂੰ ਗੁਰੂ ਨਾਨਕ ਨਹੀਂ ਮੰਨਦਾ ਉਹ ਮਨਮੁੱਖ ਹੈ। ਮਥੁਰਾ ਭੱਟ ਗੁਰੂ ਤੇ ਰੱਬ ਵਿਚਕਾਰ ਅਧਿਆਤਮਿਕ ਸਾਂਝ ਨੂੰ ਸਪੱਸ਼ਟ ਕਰਦਾ ਲਿਖਦਾ ਹੈ :

ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥

ਦੈਵੀ ਜੋਤ ਦੇ ਇਸ ਇਤਿਹਾਸਗਤ ਸਫ਼ਰ ਨੂੰ ਸਪੱਸ਼ਟ ਕਰਦਾ ਹੋਇਆ ਉਹ ਗੁਰੂ ਅਰਜਨ ਦੇਵ ਜੀ ਨੂੰ ਪੰਚਮ ਨਾਨਕ ਦੇ ਵਜੋਂ ਵਿਸ਼ਵਾਸ ਹੀ ਨਹੀਂ ਕਰਦਾ ਬਲਕਿ ਪੂਰਨ ਤੌਰ 'ਤੇ ਸਵੀਕਾਰ ਕਰਨ ਦਾ ਸੰਦੇਸ਼ ਵੀ ਦਿੰਦਾ ਹੈ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥
(ਗੁਰੂ ਗ੍ਰੰਥ ਸਾਹਿਬ, ਪੰਨਾ 1408)

ਗੁਰੂ ਨਾਨਕ ਜੋਤ ਦੇ ਇਤਿਹਾਸਗਤ ਪ੍ਰਗਟਾਵੇ ਤੋਂ ਇਸਦੇ ਗੁਰੂ ਅਰਜਨ ਦੇਵ ਜੀ ਵਿਚ ਵਿਦਮਾਨ ਹੋਣ ਦੇ ਵਿਸ਼ਵਾਸ ਨੂੰ ਭਾਈ ਗੁਰਦਾਸ ਨੇ ਵੀ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ :

ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ ॥

ਗੁਰੂ ਨਾਨਕ ਜੋਤ ਦੇ ਪੰਜਵੇਂ ਰੂਪ ਵਿਚ ਪ੍ਰਗਟਾਵੇ ਨੂੰ ਸੱਤਾ ਤੇ ਬਲਵੰਡ 'ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ ਦੀ ਉਕਤੀ ਰਾਹੀਂ ਪ੍ਰਸਤੁਤ ਕਰਦੇ ਹਨ। ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਗੁਰਿਆਈ ਦੀ ਸੰਸਥਾ ਦੇ ਗੁਰੂ ਅਰਜਨ ਦੇਵ ਜੀ ਸਹੀ ਤੇ ਜਾਇਜ਼ ਵਾਰਿਸ ਸਨ।

ਜਿਵੇਂ ਕਿ ਪਹਿਲਾਂ ਵਰਣਨ ਕੀਤਾ ਹੈ ਗੁਰੂ ਅਰਜਨ ਦੇਵ ਜੀ ਸਿੱਖ ਇਤਿਹਾਸ ਵਿਚ ਬਾਣੀ ਦੇ ਬੋਹਿਥ ਵਜੋਂ ਪ੍ਰਸਿੱਧ ਹਨ। ਗੁਰੂ ਸਾਹਿਬ ਦੀਆਂ ਉੱਚ ਅਧਿਆਤਮਿਕ ਮੰਜ਼ਲਾਂ ਨੂੰ ਛੂਹੰਦੀਆਂ ਕਈ ਅਨੂਠੀਆਂ ਕਾਵਿ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ ਜੋ ਉਨ੍ਹਾਂ ਨੂੰ ਗੁਰਮਤਿ ਕਾਵਿ ਦੇ ਸ਼੍ਰੋਮਣੀ ਕਵੀ ਵਜੋਂ ਪੁਸ਼ਟ ਕਰਦੀਆਂ ਹਨ। ਗੁਰੂ ਸਾਹਿਬ ਦੁਆਰਾ ਸ਼ਬਦ ਨੂੰ ਆਪਣੀ ਰਸਨਾ ਤੋਂ ਬਾਣੀ ਦੇ ਰਾਹੀਂ ਪ੍ਰਕਾਸ਼ ਕਰਨ ਦੀ ਗੈਰ-ਮਾਮੂਲੀ ਰੁਚੀ ਨੂੰ ਕਲ੍ਯ ਭੱਟ ਨੇ 'ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ" ਰਾਹੀਂ ਵਿਅਕਤ ਕੀਤਾ ਹੈ। ਗੁਰੂ ਸਾਹਿਬ ਦੀ ਬਾਣੀ ਉਪਰ ਨਿਤਾ-ਪ੍ਰਤਿ ਵਿਚਾਰ ਤੇ ਕੀਰਤਨ ਰਾਹੀਂ ਇਸ ਦੇ ਪ੍ਰਚਾਰ ਦੀ ਰੁਚੀ ਨੂੰ ਹਰਬੰਸ ਭੱਟ ਨੇ 'ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ

ਗਾਵੈ" ਦੀ ਪ੍ਰਤਿਕਾਤਮਿਕ ਸ਼ੈਲੀ ਵਿਚ ਬਿਆਨ ਕੀਤਾ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਇਕ ਲਾਸਾਨੀ ਸੰਪਾਦਕ ਸਨ। ਉਨ੍ਹਾਂ ਦੀ ਸੰਪਾਦਕੀ ਸੂਝ , ਕਾਰਜ-ਸ਼ੈਲੀ ਤੇ ਵਿਧੀ ਦੀ ਅਦੁੱਤੀ ਮਿਸਾਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਡੇ ਪਾਸ ਮੌਜੂਦ ਹੈ। ਗੁਰਬਾਣੀ ਦੀ ਸਾਂਭ-ਸੰਭਾਲ, ਇਸ ਦਾ ਲਿਖਤੀ ਤੇ ਪ੍ਰਮਾਣੀਕ ਸੰਗ੍ਰਹਿ ਤਿਆਰ ਕਰਨ ਤੇ ਫਿਰ ਇਸ ਨੂੰ ਕਥਾ ਤੇ ਕੀਰਤਨ ਦੇ ਰਾਹੀਂ ਪ੍ਰਚਾਰਨ ਦੀ ਜੋ ਯੋਗਤਾ ਤੇ ਰੁਚੀ ਭਾਈ ਗੁਰਦਾਸ ਨੇ ਅੱਖੀਂ ਡਿੱਠੀ ਸੀ, ਉਸ ਨੂੰ ਉਹ ਹੇਠ ਲਿਖੇ ਅੰਦਾਜ਼ ਵਿਚ ਪੇਸ਼ ਕਰਦਾ ਹੈ :

ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ॥

ਗੁਰੂ ਅਰਜਨ ਦੇਵ ਜੀ ਦੇ ਧਰਮ ਪ੍ਰਚਾਰ ਸਦਕਾ ਸਿੱਖ ਧਰਮ ਪੰਜਾਬ ਤੋਂ ਬਾਹਰ ਫੈਲ ਚੁੱਕਾ ਸੀ। ਭਾਰਤੀ ਉਪ-ਮਹਾਂਦੀਪ ਦੇ ਕਈ ਸ਼ਹਿਰਾਂ ਤਕ ਇਸ ਦੇ ਪਾਸਾਰ ਨੂੰ ਸਮਕਾਲੀ ਇਤਿਹਾਸਕਾਰ ਮੋਹਸਨ ਫ਼ਾਨੀ ਨੇ ਵੀ ਅੱਖੀਂ ਡਿੱਠਾ ਸੀ। ਉਸ ਅਨੁਸਾਰ ਮੁਗਲ ਰਾਜ ਦਾ ਕੋਈ ਸ਼ਹਿਰ ਐਸਾ ਨਹੀਂ ਸੀ ਜਿਥੇ ਸਿੱਖ ਨਾ ਰਹਿੰਦੇ ਹੋਣ। ਕਲ੍ਹ ਭੱਟ ਅਨੁਸਾਰ ਗੁਰੂ ਅਰਜਨ ਦੇਵ ਦੀ ਇਕ ਧਾਰਮਿਕ ਰਹਿਬਰ ਵਜੋਂ ਕੀਰਤੀ ਚਾਰੇ ਪਾਸੇ ਫੈਲ ਚੁੱਕੀ ਸੀ :

ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ॥ (ਗੁਰੂ ਗ੍ਰੰਥ ਸਾਹਿਬ, ਪੰਨਾ 1407)

ਸਤੇ ਤੇ ਬਲਵੰਡ ਦੀਆਂ ਨਜ਼ਰਾਂ ਵਿਚ ਗੁਰੂ ਅਰਜਨ ਦੇਵ ਅਧੀਨ ਪੂਰਬ ਤੋਂ ਪੱਛਮ ਤੱਕ ਸਿੱਖ ਧਰਮ ਦਾ ਉਦੈ ਹੋ ਗਿਆ ਸੀ :

ਉਗਵਣਹੁ ਤੈ ਆਥਣਵਹੁ ਚਹੁ ਚਕੀ ਕੀਅਨੁ ਲੋਆ॥
(ਗੁਰੂ ਗ੍ਰੰਥ ਸਾਹਿਬ, ਪੰਨਾ 968)

ਭਾਈ ਗੁਰਦਾਸ , ਜੋ ਸਿੱਖੀ ਦੇ ਬਹੁਤ ਵੱਡੇ ਪ੍ਰਚਾਰਕ ਸਨ, ਨੇ "ਪੰਜਾਬੇ ਗੁਰ ਦੀ ਵਡਿਆਈ ਅਤੇ ਨਗਰਿ ਨਗਰਿ ਮੈ ਸਹੰਸ ਸਿਖ ਦੇਸ-ਦੇਸ ਲਖੇਸਰੁ" ਦੀ ਸਥਿਤੀ ਨੂੰ ਪ੍ਰਤੱਖ ਅਨੁਭਵ ਕੀਤਾ ਸੀ। ਉਹ ਲਿਖਦਾ ਹੈ ਕਿ ਅਣਗਿਣਤ ਸਿੱਖ ਸੰਗਤਾਂ ਗੁਰੂ ਸਾਹਿਬ ਵਲ ਖਿੱਚੀਆਂ ਆ ਰਹੀਆਂ ਸਨ :

ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ॥

ਵੱਖੋ-ਵੱਖਰੀਆਂ ਜਾਤਾਂ, ਧਰਮਾਂ ਤੇ ਪੇਸ਼ਿਆਂ ਦੇ ਲੋਕ ਗੁਰੂ ਅਰਜਨ ਦੇ ਸਿੱਖ ਬਣ ਰਹੇ ਸਨ। ਇਨ੍ਹਾਂ ਵਿਚ ਮੀਆਂ ਜਮਾਲ ਵਰਗੇ ਕਈ ਮੁਸਲਮਾਨ ਵੀ ਸਨ। ਇਨ੍ਹਾਂ ਕਾਰਨਾਂ ਕਰਕੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਦਾ ਤੇਜ਼ੀ ਨਾਲ ਹੋ ਰਿਹਾ ਵਿਕਾਸ ਕੱਟੜਪੰਥੀ ਮੁਸਲਮਾਨਾਂ ਦੀਆਂ ਅੱਖਾਂ ਵਿਚ ਰੜਕਦਾ ਸੀ।

ਵਰਣਨਯੋਗ ਹੈ ਕਿ 18ਵੀਂ ਸਦੀ ਵਿਚ ਕੇਸਰ ਸਿੰਘ ਛਿੱਬਰ ਵਰਗਾ ਇਤਿਹਾਸਕਾਰ ਗੁਰੂ ਅਰਜਨ ਦੇਵ ਦੀ ਸ਼ਖ਼ਸੀਅਤ ਦਾ ਪਿਛੋਕੜ ਮਹਾਂਭਾਰਤ ਦੇ ਅਰਜਨ ਨਾਲ ਜੋੜਦਾ ਹੈ। ਪਰ ਗੁਰੂ ਸਾਹਿਬ ਦੇ ਸਮਕਾਲੀ ਭੱਟਾਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਦੀ ਜੋ ਤੁਲਨਾ ਮਹਾਂਭਾਰਤ ਦੇ ਅਰਜਨ ਨਾਲ ਕੀਤੀ ਹੈ, ਉਹ ਬੜੀ ਵਿਸ਼ੇਸ਼ ਤੇ ਗੰਭੀਰ ਅਰਥਾਂ ਦੀ ਲਖਾਇਕ ਹੈ। ਕਲ੍ਹ ਭੱਟ ਦੀਆਂ ਨਜ਼ਰਾਂ ਵਿਚ ਗੁਰੂ ਅਰਜਨ ਦੇਵ ਜੀ ਅਜਿਹੇ ਪੂਰਨ ਪੁਰਖ ਹਨ, ਜੋ ਕੁੰਤੀ ਦੇ ਪੁੱਤਰ ਅਰਜਨ ਦੀ ਤਰ੍ਹਾਂ ਸੰਕਟ ਤੋਂ ਮੂੰਹ ਨਹੀਂ ਫੇਰਦੇ। ਉਹ ਸੰਕਟ ਸਮੇਂ ਵੀ ਅਟੱਲ ਅਵਸਥਾ ਵਿਚ ਵਿਚਰਦੇ ਹਨ ਕਿਉਂਕਿ ਉਨ੍ਹਾਂ ਦੇ ਹੱਥ ਵਿਚ ਨਾਮ ਦਾ ਨੇਜ਼ਾ ਹੈ , ਜਿਸ ਨੂੰ ਗੁਰ-ਸ਼ਬਦ ਦੀ ਸ਼ਕਤੀ ਨਾਲ ਸ਼ਿੰਗਾਰਿਆ ਹੈ :

ਗੁਰੁ ਅਰਜਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ॥
ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ॥
(ਗੁਰੂ ਗ੍ਰੰਥ ਸਾਹਿਬ, ਪੰਨਾ 1408)

ਅਸਲ ਵਿਚ ਸ਼ਹੀਦੀ ਦੇ ਸਾਕੇ ਨੂੰ ਕੋਈ ਫ਼ਰੇਬੀ, ਨਾਮ-ਧਰੀਕ ਗੁਰੂ ਤੇ ਝੂਠ ਦਾ ਵਪਾਰੀ ਨਹੀਂ ਬਲਕਿ ਗੁਰੂ ਅਰਜਨ ਦੀ ਤਰ੍ਹਾਂ ਸਬਰ, ਸੰਤੋਖ, ਸਿਦਕ ਤੇ ਨਿਰਭਉ ਅਵਸਥਾ ਨੂੰ ਪਹੁੰਚੀ ਸ਼ਖ਼ਸੀਅਤ ਹੀ ਸਾਖਿਆਤ ਕਰ ਸਕਦੀ ਹੈ। ਸ਼ਹੀਦੀ ਸਮੇਂ ਅਕਹਿ ਤੇ ਅਸਹਿ ਤਸੀਹਿਆਂ ਨੂੰ, ਜਿਨ੍ਹਾਂ ਸ਼ਖ਼ਸੀ ਗੁਣਾਂ ਦੇ ਆਸਰੇ ਸ਼ਾਂਤ ਚਿੱਤ ਅਵਸਥਾ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਰੀਰ 'ਤੇ ਸਹਿਣ ਕੀਤਾ, ਉਨ੍ਹਾਂ ਨੂੰ ਭਾਈ ਗੁਰਦਾਸ ਨੇ ਸਾਰ-ਰੂਪ ਵਿਚ ਪੇਸ਼ ਕਰਦਿਆਂ 'ਗੁਰ ਅਰਜਨ ਵਿਟਹੁ ਕੁਰਬਾਣੀ' ਦੇ ਸ਼ਬਦਾਂ ਰਾਹੀਂ ਆਪਣੀ ਸ਼ਰਧਾਂਜਲੀ ਪੇਸ਼ ਕੀਤੀ ਹੈ।

ਅਧਿਐਨ ਉਪਰੰਤ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਦੇ ਸਮਕਾਲੀਆਂ ਵਿੱਚ ਉਨ੍ਹਾਂ ਦੇ ਪ੍ਰਸ਼ੰਸਕ ਵੀ ਸਨ ਤੇ ਵਿਰੋਧੀ ਵੀ। ਸਾਰੇ ਸਮਕਾਲੀਆਂ ਦੀਆਂ ਨਜ਼ਰਾਂ ਵਿਚ ਗੁਰੂ ਅਰਜਨ ਮੁੱਖ ਤੌਰ 'ਤੇ ਗੁਰੂ ਨਾਨਕ ਦੇਵ ਦੁਆਰਾਸਥਾਪਿਤ ਕੀਤੀ ਸਿੱਖ ਪੰਥ ਦੀ ਗੁਰਿਆਈ ਦੀ ਸੰਸਥਾ ਦੇ ਜਾਇਜ਼ ਵਾਰਸ ਸਨ। ਵਿਅਕਤੀਗਤ ਤੌਰ 'ਤੇ ਉਹ ਬਹੁਤ ਹੀ ਪ੍ਰਤਿਭਾਸ਼ਾਲੀ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੇ ਧਾਰਮਿਕ ਸੰਦੇਸ਼ ਦੀ ਅਪੀਲ ਇਤਨੀ ਵਿਆਪਕ ਸੀ ਕਿ ਵੱਖਰੇ-ਵੱਖਰੇ ਖਿੱਤਿਆਂ, ਜਾਤਾਂ, ਨਸਲਾਂ ਤੋਂ ਫਿਰਕਿਆਂ ਦੇ ਲੋਕ ਸਿੱਖ ਧਰਮ ਵਿਚ ਪਰਵੇਸ਼ ਕਰ ਰਹੇ ਸਨ। ਸਿੱਖ ਧਰਮ ਨੇ ਨਾ ਕੇਵਲ ਉੱਤਰੀ-ਭਾਰਤ ਵਿਚ ਆਪਣੀ ਵੱਖਰੀ ਹੋਂਦ ਸਥਾਪਿਤ ਕਰ ਲਈ ਸੀ ਬਲਕਿ ਇਹ ਭਾਰਤੀ ਉਪ-ਮਹਾਂਦੀਪ ਵਿਚ ਵੀ ਤੇਜ਼ੀ ਨਾਲ ਵਿਕਾਸ ਕਰ ਰਿਹਾ ਸੀ। ਗੁਰੂ ਅਰਜਨ ਦੇਵ ਦਾ ਵਧ ਰਿਹਾ ਜਨ ਆਧਾਰ ਤੇ ਪ੍ਰਭਾਵ ਕੱਟੜ-ਪੰਥੀ ਮੁਸਲਮਾਨਾਂ ਦੀਆਂ ਅੱਖਾਂ ਵਿਚ ਰੜਕਦਾ ਸੀ। ਸਹਾਇਕ ਕਾਰਨ ਭਾਵੇਂ ਕੋਈ ਵੀ ਹੋਵੇ ਪਰ ਇਹ ਉਨ੍ਹਾਂ ਦੀ ਸ਼ਹੀਦੀ ਦਾ ਅਸਲ ਕਾਰਨ ਸੀ।

# ਪਰਮਹੰਸ, ਵਿਸਾਖੀ ਤੇ ਕਿਰਪਾਨ: ਪਾਰੋ ਤੇ ਸ਼ਾਹਯਾਰ ਦੇ ਪ੍ਰਸੰਗ ਵਿਚ

✍- ਪ੍ਰੋ: ਅਵਤਾਰ ਸਿੰਘ

ਅੱਜ ਵਿਸਾਖੀ ਹੈ ਤੇ ਅਸੀਂ ਸਾਰੇ ਵਧਾਈਆਂ ਲੈ ਦੇ ਰਹੇ ਹਾਂ ਤੇ ਦੱਸ ਰਹੇ ਹਾਂ ਕਿ ਅੱਜ ਦੇ ਦਿਨ ਹਜ਼ੂਰ ਸੱਚੇ ਪਾਤਸ਼ਾਹ ਕਲਗੀਆਂ ਵਾਲੇ ਨੇ ਅਨੰਦਪੁਰ ਸਾਹਿਬ ਵਿਖੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਟਿੱਲੇ ਉੱਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਪਾਤਸ਼ਾਹ ਨੇ ਸੀਸ ਦੀ ਮੰਗ ਕੀਤੀ ਤਾਂ ਹਜ਼ਾਰਾਂ ਦੇ ਇਕੱਠ ਵਿੱਚੋਂ ਸੀਸ ਅਰਪਣ ਵਾਲੇ ਪੰਜ ਸਿੱਖ ਨਿੱਤਰੇ ਸਨ, ਜੋ ਪੰਜ ਪਿਆਰੇ ਹੋ ਗਏ। ਮੈਂ ਸੋਚਦਾ ਹਾਂ ਕਿ ਦਸਮੇਸ਼ ਪਿਤਾ ਨੇ ਇਸ ਮਹਾਂ ਕਾਰਜ ਲਈ ਵਿਸਾਖੀ ਦਾ ਪੁਰਬ ਹੀ ਕਿਉਂ ਚੁਣਿਆ ਹੋਵੇਗਾ ਤੇ ਇਹਦੇ ਪਿੱਛੇ ਕਿਹੜੀ ਪਰੰਪਰਾ ਹੋਵੇਗੀ?

ਖਡੂਰ ਸਾਹਿਬ ਵਿਖੇ ਦੂਜੇ ਪਾਤਸ਼ਾਹ ਦੇ ਪਰਮ ਸਿੱਖ ਭਾਈ ਪਾਰੋ ਨੇ ਸਵਾਲ ਕੀਤਾ ਕਿ ਹੰਸ ਅਤੇ ਪਰਮਹੰਸ ਵਿੱਚ ਕੀ ਫਰਕ ਹੁੰਦਾ ਹੈ? ਪਾਤਸ਼ਾਹ ਨੇ ਆਖਿਆ ਕਿ ਹੰਸ ਖ਼ੁਦ ਭਵਜਲ ਪਾਰ ਕਰ ਜਾਂਦਾ ਹੈ, ਜਦ ਕਿ ਪਰਮਹੰਸ ਦੂਸਰਿਆਂ ਨੂੰ ਵੀ ਪਾਰ ਲੰਘਾ ਦਿੰਦਾ ਹੈ। ਦੂਜੇ ਪਾਤਸ਼ਾਹ ਦੇ ਜੋਤੀ-ਜੋਤ ਸਮਾਉਣ ਉਪਰੰਤ ਗੁਰੂ ਅਮਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਨੂੰ ਪ੍ਰਚਾਰ ਦਾ ਸਥਾਨ ਬਣਾਇਆ। ਭਾਈ ਪਾਰੋ ਜਲੰਧਰ ਹਲਕੇ ਦੇ ਪਿੰਡ ਡੱਲੇ ਤੋਂ ਹਰ ਰੋਜ਼ ਬਿਆਸ ਦਰਿਆ ਪਾਰ ਕਰਕੇ ਦਰਸ਼ਨ ਪਰਸਨ ਅਤੇ ਸੇਵਾ ਲਈ ਸ੍ਰੀ ਗੋਇੰਦਵਾਲ ਸਾਹਿਬ ਜਾਇਆ ਕਰਦੇ ਸਨ।

ਇਕ ਦਿਨ ਜਲੰਧਰ ਦਾ ਨਵਾਬ ਅਬਦੁੱਲਾ ਆਪਣੀ ਫੌਜੀ ਟੁਕੜੀ ਦੇ ਸਮੇਤ ਜਾ ਰਿਹਾ ਸੀ ਕਿ ਬਿਆਸ ਵਿੱਚ ਪਾਣੀ ਚੜ੍ਹਿਆ ਦੇਖ ਕੇ ਕਿਨਾਰੇ 'ਤੇ ਰੁਕ ਕੇ ਪਾਣੀ ਘਟਣ ਅਤੇ ਉਤਰਨ ਦੀ ਇੰਤਜ਼ਾਰ ਕਰਨ ਲੱਗਾ। ਏਨੇ ਨੂੰ ਭਾਈ ਪਾਰੋ ਜੀ ਆਏ ਤੇ ਉਨ੍ਹਾਂ ਨੇ ਬੇਰੋਕ ਬਿਆਸ ਵਿੱਚ ਘੋੜਾ ਠੇਲ੍ਹ ਦਿੱਤਾ ਤੇ ਆਪਣੇ ਸਤਿਗੁਰਾਂ ਦੇ ਦਰਸ਼ਣ ਪਰਸਣ ਤੇ ਸੇਵਾ ਉਪਰੰਤ ਉਸੇ ਤਰਾਂ ਚੜ੍ਹਿਆ ਹੋਇਆ ਬਿਆਸ ਪਾਰ ਕਰਕੇ ਵਾਪਸ ਆ ਗਏ।

ਜਲੰਧਰ ਦਾ ਨਵਾਬ ਅਬਦੁੱਲਾ ਹਾਲੇ ਉੱਥੇ ਹੀ ਪਾਣੀ ਉਤਰਨ ਦੀ ਇੰਤਜ਼ਾਰ ਕਰ ਰਿਹਾ ਸੀ। ਉਹਨੇ ਭਾਈ ਪਾਰੋ ਨੂੰ ਅਤਾ ਪਤਾ ਪੁੱਛਿਆ ਕਿ ਉਹ ਕਿੱਥੋਂ ਆਇਆ, ਕਿੱਥੇ ਅਤੇ ਕਾਹਦੇ ਲਈ ਗਿਆ ਸੀ ਤੇ ਉਹ ਇਸ ਤਰ੍ਹਾਂ ਚੜ੍ਹੇ ਹੋਏ ਦਰਿਆ ਵਿੱਚ ਬੇਖੌਫ ਕਿਵੇਂ ਠੇਲ੍ਹ ਪਿਆ ਸੀ? ਭਾਈ ਪਾਰੋ ਨੇ ਆਖਿਆ ਕਿ ਉਹ ਨਿਰਭਉ ਨਿਰਵੈਰ ਗੁਰੂ ਦਾ ਸਿੱਖ ਹੈ ਤੇ ਉਹ ਇਸੇ ਅਵਸਥਾ ਵਿੱਚ ਹੀ ਬਿਫਰੇ ਹੋਏ ਦਰਿਆ ਵਿੱਚ ਠੇਲ੍ਹ ਪਿਆ ਸੀ। ਉਹਨੇ ਆਖਿਆ ਕਿ ਜਿਹਨੂੰ ਦਿਲੋਂ ਮੁਹੱਬਤ ਹੋਵੇ, ਉਹਦੇ ਅੱਗੇ ਹਰ ਔਕੜ ਦੰਮ ਤੋੜ ਦਿੰਦੀ ਹੈ। ਉਹਨੇ ਆਖਿਆ ਕਿ ਮੈਂ ਤਾਂ ਗੁਰੂ ਦਾ ਨਿਮਾਣਾ ਸਿੱਖ ਹਾਂ ਤੇ ਮੈਨੂੰ ਗੁਰੂ ਦਾ ਪਿਆਰ ਹੀ ਭਵਜਲ ਪਾਰ ਕਰਾ ਦਿੰਦਾ ਹੈ। ਮੈਂ ਕਿਹੜਾ ਪਾਣੀਹਾਰ ਹਾਂ, ਇਹ ਤਾਂ ਉਹਦੀ ਕਿਰਪਾ ਹੈ।

ਜਲੰਧਰ ਦਾ ਨਵਾਬ ਅਬਦੁੱਲਾ ਭਾਈ ਪਾਰੋ ਦੀ ਗੱਲ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਅਜ਼ਮਤ ਬਾਰੇ ਸੋਚਣ ਲੱਗ ਪਿਆ ਤੇ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਭਾਈ ਪਾਰੋ ਅਬਦੁੱਲੇ ਨੂੰ ਸ੍ਰੀ ਗੋਇੰਦਵਾਲ ਸਾਹਿਬ ਨਾਲ਼ ਲੈ ਗਿਆ।

ਅਬਦੁੱਲੇ ਨੇ ਸ੍ਰੀ ਗੋਇੰਦਵਾਲ ਸਾਹਿਬ ਦਾ ਅਲੌਕਿਕ ਨਜ਼ਾਰਾ ਤੱਕਿਆ ਤੇ ਗੁਰੂ ਅਮਰਦਾਸ ਜੀ ਦੇ ਚਰਨੀ ਲੱਗ ਨਿਹਾਲ ਹੋ ਗਿਆ। ਅਬਦੁੱਲੇ ਨੇ ਸਿੱਖ ਹੋਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਹਦੀ ਬੇਨਤੀ ਪਰਵਾਣ ਕਰਦਿਆਂ ਉਹਨੂੰ ਸਿੱਖੀ ਅਤੇ ਨਾਮ-ਦਾਨ ਦੀ ਬਖਸ਼ਿਸ਼ ਕਰ ਦਿੱਤੀ ਤੇ ਉਹਦਾ ਨਾਂ ਬਦਲ ਕੇ ਸ਼ਾਹ ਯਾਰ ਰੱਖ ਦਿੱਤਾ। ਫਿਰ ਪਾਤਸ਼ਾਹ ਨੇ ਭਾਈ ਪਾਰੋ ਨੂੰ ਦੱਸਿਆ ਕਿ ਹੰਸ ਅਤੇ ਪਰਮਹੰਸ ਵਿੱਚ ਇਹੋ ਫਰਕ ਹੁੰਦਾ ਹੈ। ਹੰਸ ਖ਼ੁਦ ਭਵਜਲ ਪਾਰ ਕਰ ਲੈਂਦਾ ਹੈ, ਲੇਕਿਨ ਪਰਮਹੰਸ ਦੂਸਰਿਆਂ ਨੂੰ ਵੀ ਪਾਰ ਲਗਾ ਦਿੰਦਾ ਹੈ। ਉਸ ਦਿਨ ਤੋਂ ਭਾਈ ਪਾਰੋ ਨੂੰ ਪਰਮਹੰਸ ਆਖਿਆ ਜਾਣ ਲੱਗਿਆ। ਭਾਈ ਪਾਰੋ ਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਕਿ ਹਜ਼ੂਰ ਸੱਚੇ ਪਾਤਸ਼ਾਹ ਜੀ ਆਪਣੇ ਸਿੱਖਾਂ ਵਾਸਤੇ ਕੋਈ ਸਾਂਝਾ ਪੁਰਬ ਨਿਸ਼ਚਿਤ ਕਰੋ ਕਿ ਅਸੀਂ ਅੱਛੇ ਤਾਲ-ਮੇਲ ਅਤੇ ਜੋੜ-ਮੇਲ ਸਥਾਪਤ ਕਰ ਸਕੀਏ ਤੇ ਇੱਕ ਅੱਛੇ ਸਮਾਜ ਦਾ ਨਿਰਮਾਣ ਹੋ ਸਕੇ।

ਤੀਜੇ ਸਤਿਗੁਰੂ, ਸ੍ਰੀ ਗੁਰੂ ਅਮਰਦਾਸ ਜੀ ਨੇ ਪਰਮਹੰਸ ਭਾਈ ਪਾਰੋ ਦੇ ਕਹਿਣ 'ਤੇ ਸਿੱਖ ਜੋੜ-ਮੇਲ ਲਈ ਵਿਸਾਖੀ ਦਾ ਪੁਰਬ ਨਿਸ਼ਚਿਤ ਕਰਕੇ, ਭਾਈ ਪਾਰੋ ਨੂੰ ਇਹਦੇ ਪ੍ਰਬੰਧਨ ਦਾ ਕਾਰਜ ਸੌਂਪ ਦਿੱਤਾ। ਉਸ ਦਿਨ ਤੋਂ ਬਾਦ ਅੱਜ ਤੱਕ ਸਿੱਖ ਵੈਸਾਖੀ ਪੁਰਬ ਬੜੇ ਹੀ ਚਾਅ ਮਲ੍ਹਾਰ ਤੇ ਉਤਸ਼ਾਹ ਨਾਲ਼ ਮਨਾਉਂਦੇ ਹਨ। ਇਹ ਪੁਰਬ ਸਾਨੂੰ ਹੰਸ ਤੋਂ ਪਰਮਹੰਸ ਹੋਣ ਲਈ ਪ੍ਰੇਰਤ ਕਰਦਾ ਹੈ।

ਚੇਤੇ ਰਹੇ ਕਿ ਵਿਸਾਖੀ ਗੁਰੂ ਨੂੰ ਸੀਸ ਅਰਪਣ ਕਰਨ ਦਾ ਪੁਰਬ ਹੈ, ਕਿਸੇ ਦੇ ਹੱਥ ਵੱਢਣ ਦਾ ਦਿਨ ਨਹੀਂ ਹੈ। ਕੱਲ੍ਹ ਨਿਹੰਗ ਦੀ ਕਿਰਪਾਨ ਨੇ ਸਿੱਖੀ ਅਤੇ ਸਿੱਖਾਂ ਦੇ ਮੱਥੇ 'ਤੇ ਕਲੰਕ ਮੜ੍ਹ ਦਿੱਤਾ ਹੈ, ਜਿਹਨੂੰ ਉਤਾਰਨ ਲਈ, ਸਾਨੂੰ ਪਰਮਹੰਸ ਭਾਈ ਪਾਰੋ ਦੀ ਘਾਲ ਕਮਾਈ ਚੇਤੇ ਕਰਨ ਦੀ ਜ਼ਰੂਰਤ ਹੈ। ਕੋਈ ਹੁਣ ਲੱਖ ਕਹੀ ਜਾਵੇ ਕਿ ਉਹ ਨਿਹੰਗ ਨਹੀਂ ਸੀ ਜਾਂ ਨਕਲੀ ਨਿਹੰਗ ਸੀ। ਜੋ ਵੀ ਉਹ ਸੀ ਉਹ ਸਭ ਨੂੰ ਪਤਾ ਹੈ। ਦਰਅਸਲ ਅਜਿਹੀ ਮੁਜ਼ਰਮਾਨਾ ਸੋਚ ਸਾਡੀ ਮਾਨਸਿਕਤਾ ਵਿੱਚ ਕਿਤੇ ਨਾ ਕਿਤੇ ਘੁਸੜੀ ਹੋਈ।

ਨਿਹੰਗ ਤਾਂ ਫੜੇ ਗਏ ਹਨ, ਪਰ ਮੁਜਰਮਾਨਾ ਨਿਹੰਗ ਸੋਚ ਦੀ ਸ਼ਨਾਖਤ ਕਰਨੀ ਬਾਕੀ ਹੈ। ਆਉ ਇਸ ਪਵਿੱਤਰ ਅਤੇ ਸ਼ੁੱਭ ਸੰਕਲਪ ਲਈ ਵਿਸਾਖੀ ਪੁਰਬ 'ਤੇ ਪਰਮਹੰਸ ਭਾਈ ਪਾਰੋ ਤੇ ਸ਼ਾਹਯਾਰ ਨੂੰ ਯਾਦ ਕਰੀਏ।

**ਫੋਨ: 9417518384**

# ਸਿੱਖ ਸਮਾਜ ਦੇ ਰਾਗੀ
# ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ

**ਸ਼ਰਧਾਂਜਲੀ**

**– –ਦਵਿੰਦਰ ਗਿੱਲ ਜੀਆ ਨੱਥਾ**

ਗੁਰਮਤਿ ਸੰਗੀਤ ਦੇ ਮਹਾਨ ਗਿਆਤਾ ਭਾਈ ਨਿਰਮਲ ਸਿੰਘ ਜੀ ਖਾਲਸਾ ਨਾਸ਼ਵਾਨ ਸੰਸਾਰ ਦਾ 2 ਅਪਰੈਲ 2020 ਈਸਵੀ ਨੂੰ ਸਦਾ ਲਈ ਤਿਆਗ ਕਰ ਗਏ। ਕਿਸੇ ਨੇ ਵੀ ਸੋਚਿਆ ਨਹੀ ਸੀ ਕਿ ਕਰੋਨਾ ਦੀ ਮਹਾਂਮਾਰੀ ਉਹਨਾਂ ਦੀ ਮੌਤ ਦਾ ਕਾਰਨ ਬਣੇਗੀ। ਉਹ ਗੁਰਬਾਣੀ ਦੇ ਪ੍ਰਸਿੱਧ ਕੀਰਤਨੀਏ ਅਤੇ ਰਾਗੀ ਸਨ,ਉਹ ਦੀਵਾਨਾਂ ਅਤੇ ਕੀਰਤਨ ਦਰਬਾਰਾਂ ਦੀ ਸ਼ਾਨ ਹੋਇਆ ਕਰਦੇ ਸਨ। ਦੇਸ਼ ਵਿਦੇਸ਼ਾਂ ਵਿੱਚ ਜਦੋਂ ਗੁਰਮੁਖ ਪਿਆਰਿਆਂ ਨੂੰ ਪਤਾ ਲਗਦਾ ਸੀ ਕਿ ਉਹ ਕੀਰਤਨ ਦਰਬਾਰ ਵਿਚ ਹਾਜ਼ਰੀ ਭਰਨ ਆ ਰਹੇ ਹਨ ਤਾਂ ਸੰਗਤਾਂ ਬੜੇ ਚਾਉ ਤੇ ਉਮਾਹ ਨਾਲ ਉਹਨਾਂ ਵਲੋਂ ਹੋ ਰਹੇ ਕੀਰਤਨ ਨੂੰ ਸ੍ਰਵਣ ਕਰਨ ਆਉਂਦੀਆਂ ਸਨ।

ਭਵਿਖ ਵਿਚ ਉਹਨਾਂ ਵਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਸਦਾ ਲਈ ਅਲੋਪ ਹੋ ਗਈਆਂ ਹਨ, ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਹੈ ਕਿ ਹੋਰ ਐਸੇ ਸੁਘੜ ਕੀਰਤਨੀਏ ਅਵਸ਼ ਸਿੱਖ ਜਗਤ ਨੂੰ ਦੇਣ। ਜਨਮ ਸਾਖੀ ਸਾਹਿਤ ਵਿਚ ਜ਼ਿਕਰ ਆਉਦਾ ਹੈ ਕਿ ਜਦੋਂ ਗੁਰੂ ਬਾਬਾ ਨਾਨਕ ਜੀ ਪੱਛਮ ਦੀ ਉਦਾਸੀ ਕਰਨ ਤੋਂ ਬਾਅਦ ਇਕਲੇ ਹੀ ਤਲਵੰਡੀ ਆਏ ਤਾਂ ਭਾਈ ਮਰਦਾਨਾ ਜੀ ਜਿਨ੍ਹਾਂ ਦਾ ਦੇਹਾਂਤ ਉਸ ਉਦਾਸੀ ਵਿੱਚ ਹੋ ਗਿਆ ਸੀ। ਉਹਨਾਂ ਦਾ ਸਪੁੱਤਰ ਭਾਈ ਸਜਾਦਾ ਜੀ ਬਾਬਾ ਨਾਨਕ ਕੋਲ ਆਏ ਅਤੇ ਕਹਿਨ ਲੱਗੇ,ਬਾਬਾ ਮੇਰਾ ਅਬੂ ਕਿੱਥੇ ਛੱਡ ਆਇਆ ਹਈ। ਅਗੋਂ ਬਾਬਾ ਨਾਨਕ ਜੀ ਨੇ ਮਿੱਠੇ ਬਚਨ ਕਰਦਿਆਂ ਆਖਿਆ 'ਪੁੱਤਰ ਸਜਾਦਾ ਜੀਓ, ਤੇਰਾ ਅਬੂ ਉਥੇ ਚਲਾ ਗਿਆ, ਜਿਥੋਂ ਕੋਈ ਮੁੜ ਵਾਪਸ ਨਹੀ ਆਂਵਦਾ। ਬਾਬਾ ਜੀ ਨੇ ਫਿਰ ਕਿਹਾ,ਸਜਾਦਾ, ਅਸੀਂ ਤੇਰੇ ਤੇ ਬਹੁਤ ਖੁਸ਼ ਹਾਂ, ਕੁਝ ਮੰਗ ਲੈ। ਅਗੋਂ ਭਾਈ ਸਜਾਦਾ ਜੀ ਨੇ ਕਿਹਾ, ਅਸੀ ਜਾਤ ਦੇ ਮਿਰਾਸੀ, ਦੁਨਿਆਵੀ ਮੰਗਾਂ ਨੂੰ ਮੰਗਣਾ ਜਾਣਦੇ ਹਾਂ, ਤੁਹਾਡੇ ਕੋਲੋਂ ਸਾਨੂੰ ਉਹੋ ਦਾਤ ਦੇ ਦੇਵੋ ਜੋ ਤੁਸੀਂ ਸਾਡੇ ਅਬੂ ਨੂੰ ਦਿੱਤੀ ਸੀ। ਬਾਬਾ ਨਾਨਕ ਜੀ ਨੇ ਸਜਾਦਾ ਜੀ ਨੂੰ ਘੁੱਟ ਕੇ ਗਲਵਕੜੀ ਵਿਚ ਲੈ ਲਿਆ ਅਤੇ ਰਬਾਬ (ਤੰਤੀ ਸਾਜ) ਦੀ ਬਖਸ਼ਿਸ਼ ਕੀਤੀ ਜੋ ਅੱਜ ਤੱਕ ਉਹਨਾਂ ਦੇ ਖਾਨਦਾਨ ਵਿਚ ਤੰਤੀ ਸਾਜਾਂ ਨਾਲ ਰਾਗਾਂ ਵਿਚ ਕੀਰਤਨ ਕਰਨਾ ਪ੍ਰਚਲਤ ਹੈ। ਐਸੀ ਕਿਰਪਾ ਭਾਈ ਨਿਰਮਲ ਸਿੰਘ ਖਾਲਸਾ ਤੇ ਹੋਈ ਸੀ ਜੋ ਉਹ ਗੁਰੂ ਘਰ ਦਾ ਚਾਕਰ ਬਣਕੇ ਕੀਰਤਨ ਕਰਦਾ ਰਿਹਾ।

ਭਾਈ ਨਿਰਮਲ ਸਿੰਘ ਜੀ ਦਾ ਜਨਮ 12 ਅਪਰੈਲ 1952 ਈਸਵੀ ਨੂੰ ਨਾਨਕੇ ਪਿੰਡ ਜੰਡ ਵਾਲਾ ਭੀਮੇ ਸ਼ਾਹ ਜਿਲਾ ਫਿਰੋਜ਼ਪੁਰ ਵਿਚ ਪਿਤਾ ਗਿਆਨੀ ਚੰਨਣ ਸਿੰਘ ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁੱਖ ਤੋਂ ਹੋਇਆ। ਘਰ ਦੀ ਆਰਥਿਕ ਹਾਲਤ ਇੰਨੀ ਚੰਗੀ ਨਹੀਂ ਸੀ। ਪ੍ਰਵਾਰ ਖੇਤੀ ਬਾੜੀ ਕਰਕੇ ਉਦਰ ਪੂਰਤੀ ਕਰਦਾ ਸੀ। ਸੱਮੁਚਾ ਪ੍ਰਵਾਰ ਗੁਰਮਤਿ ਵਿਚਾਰਧਾਰਾ ਦਾ ਧਾਰਨੀ ਸੀ। ਭਾਈ ਨਿਰਮਲ ਸਿੰਘ ਜੀ ਦੇ ਪਿਤਾ ਭਾਈ ਚੰਨਣ ਸਿੰਘ ਜੀ ਉਘੇ ਕਵੀਸ਼ਰ ਸਨ, ਉਹਨਾਂ ਦੇ ਪਿੰਡ ਨੇੜੇ ਨਿਰਮਲੇ ਸੰਤਾਂ ਦਾ ਡੇਰਾ ਸੀ। ਉਹ ਮੇਲਿਆਂ ਦੇ ਸਮੇਂ ਸੰਤਾਂ ਦੇ ਡੇਰੇ ਜਾਇਆ ਕਰਦੇ ਅਤੇ ਸਟੇਜ ਤੇ ਸਿੱਖ ਇਤਿਹਾਸ ਨਾਲ ਸੰਬੰਧਤ ਇਤਿਹਾਸਕ ਪ੍ਰਸੰਗ ਤਿਆਰ ਕਰਕੇ ਕਵੀਸ਼ਰੀ ਕਰਿਆ ਕਰਦੇ ਸਨ। ਉਸ ਗੁਰਮੁਖਾਂ ਵਾਲੇ ਮਾਹੌਲ ਦਾ ਅਸਰ ਭਾਈ ਨਿਰਮਲ ਸਿੰਘ ਜੀ ਤੇ ਪਿਆ ਅਤੇ ਉਹ ਵੀ ਤੂੰਬੀ ਨਾਲ ਇਤਿਹਾਸ, ਧਾਰਮਿਕ ਗੀਤ, ਗੁਰਦੁਆਰਿਆਂ ਵਿਚ ਜਾ ਕੇ ਗਉਣ ਲਗ ਪਏ ਅਤੇ ਸੰਗਤਾਂ ਦੀਆਂ ਖੁਸ਼ੀਆਂ ਹਾਸਲ ਕਰਨ ਲਗੇ।

ਸਕੂਲ ਵਾਲੀ ਵਿੱਦਿਆ ਉਹਨਾਂ ਨੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਪ੍ਰਾਪਤ ਕੀਤੀ। ਇਸਦੇ ਨਾਲ ਹੀ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਸਾਹਿਬ ਭਾਈ ਗੁਰਦਾਸ ਦੀਆਂ ਵਾਰਾਂ ਸਾਹਿਤ ਦੀ ਸੰਥਿਆ ਲਈ ਅਤੇ ਅਰਥਾਂ ਸਾਹਿਤ ਬਾਣੀ ਦਾ ਅਧਿਐਨ ਕੀਤਾ, ਪਾਠ ਸ਼ੁਧ ਕਰਨਾਂ ਸਿੱਖ ਲਿਆ ਸੀ। ਮਧੁਰ ਤੇ ਵੈਰਾਗਮਈ ਆਵਾਜ ਉਹਨਾਂ ਨੂੰ ਕੁਦਰਤ ਵਲੋਂ ਹੀ ਮਿਲੀ ਹੋਈ ਸੀ। ਤੀਖਣ ਬੁੱਧੀ ਹੋਣ ਕਾਰਨ ਪਿਤਾ ਜੀ ਉਹਨਾਂ ਨੂੰ 1974 ਈਸਵੀ ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਸੰਗੀਤ ਦੀ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਸੰਗੀਤ ਆਚਾਰੀਆ ਭਾਈ ਅਵਤਾਰ ਸਿੰਘ ਨਾਜ ਕੋਲ ਛਡ ਗਏ। ਭਾਈ ਅਵਤਾਰ ਸਿੰਘ ਨਾਜ ਤੋਂ ਉਹਨਾਂ ਨੇ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ ਅਤੇ ਉਥੋਂ ਉਹਨਾਂ ਨੇ ਸੰਗੀਤ ਦਾ ਡਿਪਲੋਮਾਂ ਹਾਸਲ ਕੀਤਾ।

ਫਿਰ ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪ੍ਰਸਿਧ ਰਾਗੀ ਭਾਈ ਗੁਰਮੇਜ ਸਿੰਘ ਨਾਲ ਸਹਾਇਕ ਬਣਕੇ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਰਾਗੀ ਵਜੋਂ ਸੇਵਾ ਨਿਭਾਹੁਣੀ ਸ਼ੁਰੂ ਕੀਤੀ। ਉਥੋਂ ਕੁਝ ਸਮੇਂ ਲਈ ਦੇਹਰਾਦੂਨ ਚਲੇ ਗਏ ਅਤੇ ਗੁਰਮਤਿ ਸੰਗੀਤ ਦੇ ਟੀਚਰ ਵਜੋਂ ਸੇਵਾ ਨਿਭਾਈ। ਉਪਰੰਤ ਉਹਨਾਂ ਨੇ ਆਪਣਾ ਰਾਗੀ ਜਥਾ ਤਿਆਰ ਕਰਕੇ ਰੋਹਤਕ, ਰਿਸ਼ੀਕੇਸ਼, ਤਰਨ ਤਾਰਨ ਅਤੇ ਬੁਢਾ ਜੌਹੜ ਰਾਜਸਥਾਨ ਵਿਖੇ ਕੀਰਤਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕਰਦੇ ਰਹੇ।

1986 ਈਸਵੀ ਵਿਚ ਉਹ ਦਰਬਾਰ ਸਾਹਿਬ ਦੇ ਰਾਗੀ ਨਿਯੁਕਤ ਹੋ ਗਏ, ਉਹਨਾਂ ਨੇ ਫਿਰ ਪਿਛੇ ਮੁੜ ਕੇ ਨਹੀ ਦੇਖਿਆ, ਅਗਾਂਹ ਹੀ ਵਧ ਦੇ ਗਏ। ਜਦੋਂ ਉਹਨਾਂ ਦੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਡਿਊਟੀ ਹੁੰਦੀ ਤਾਂ ਸੰਗਤਾਂ ਅਪਾਰ ਸੰਖਿਆ ਵਿਚ ਸ੍ਰੀ ਹਰਿਮੰਦਰ ਸਾਹਿਬ ਪਹੁੰਚਿਆ ਕਰਦੀਆਂ ਸਨ। ਉਹਨਾਂ ਵਲੋਂ ਅਨੇਕ ਗਾਇਨ ਕੀਤੇ ਸ਼ਬਦਾਂ ਦੀਆਂ ਸੀ.ਡੀਜ਼ ਤਿਆਰ ਹੋ ਕੇ ਦੇਸ਼ ਵਿਦੇਸ਼ ਵਿਚ ਪਹੁੰਚੀਆਂ।

ਦੇਸ਼ ਵਿਦੇਸ਼ ਵਿਚ ਵੱਸਦੀਆਂ ਅਨੇਕ ਸਿੱਖ ਸੰਸਥਾਵਾਂ ਨੇ ਸਮੇਂ ਸਮੇਂ ਉਹਨਾਂ ਨੂੰ ਸਨਮਾਨ ਭੇਟ ਕੀਤੇ। ਸ੍ਰੀ ਭੈਣੀ ਸਾਹਿਬ,ਨਾਮਧਾਰੀ ਸੰਗਤ ਵਲੋਂ ਉਚੇਚੇ ਤੌਰ ਤੇ ਬੁਲਾਕੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਵੀ ਸਨਮਾਨਤ ਕੀਤਾ। 2009 ਈਸਵੀ ਭਾਰਤ ਦੇ ਰਾਸ਼ਟਰਪਤੀ ਪ੍ਰਤਿਭਾ ਸਿੰਘ ਪਾਟਿਲ ਨੇ ਉਚਕੋਟੀ ਦਾ ਸਨਮਾਨ "ਪਦਮ ਸ੍ਰੀ" ਭੇਟ ਕਰਕੇ ਭਾਈ ਨਿਰਮਲ ਸਿੰਘ ਖਾਲਸਾ ਜੀ ਦਾ ਸਨਮਾਨ ਕੀਤਾ। ਇਸ ਤੋਂ ਪਹਿਲਾਂ ਹੋਰ ਕਿਸੇ ਗੁਰਮੁਖ ਪਿਆਰੇ ਰਾਗੀ ਨੂੰ ਉਹ ਸਨਮਾਨ ਕਦੇ ਨਹੀਂ ਮਿਲਿਆ।

ਭਾਈ ਨਿਰਮਲ ਸਿੰਘ ਜੀ ਤੰਤੀ ਸਾਜਾਂ ਨਾਲ ਰਾਗਾਂ ਵਿਚ ਕੀਰਤਨ ਤਾਂ ਕਰਦੇ ਹੀ ਸਨ,ਸਗੋਂ ਉਹ ਇਕ ਸਫਲ ਰਾਗੀ ਵੀ ਸਨ। ਉਹਨਾਂ ਵਲੋਂ ਗੁਰਮਤਿ ਸੰਗੀਤ ਨਾਲ ਸੰਬੰਧਤ ਅਨੇਕ ਲੇਖ ਵੱਖ ਵੱਖ ਰਿਸਾਲਿਆਂ ਵਿਚ ਛਪਦੇ ਰਹੇ ਹਨ। ਉਹਨਾਂ ਵਲੋਂ ਲਿਖੀਆਂ ਦੋ ਪੁਸਤਕਾਂ "ਗੁਰਮਤਿ ਸੰਗੀਤ ਦੇ ਅਨਮੋਲ ਹੀਰੇ" ਅਤੇ "ਪ੍ਰਸਿਧ ਕੀਰਤਨਕਾਰ ਬੀਬੀਆਂ" ਚਰਚਾ ਦਾ ਵਿਸ਼ਾ ਰਹੀਆਂ ਹਨ। ਇਹ ਪੁਸਤਕਾਂ ਗੁਰਮਤਿ ਸੰਗੀਤ ਦਾ ਅਨਮੋਲ ਖਜ਼ਾਨਾ ਹਨ। ਭਾਈ ਨਿਰਮਲ ਸਿੰਘ ਖਾਲਸਾ ਜੀ ਦੂਰਦਰਸ਼ਨ ਅਤੇ ਅਕਾਸ਼ਬਾਣੀ ਦੇ ਮਹਾਂਨ ਕਲਾਕਾਰ ਸਨ। ਉਹ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਰਤਨ ਚੋਣ ਕਮੇਟੀ ਦੇ ਸਰਗਰਮ ਮੈਂਬਰ ਵੀ ਸਨ। ਖਾਲਸਾ ਜੀ ਪ੍ਰਸਿਧ ਗਜ਼ਲ-ਗੋ ਗੁਲਾਮ ਅਲੀ ਨਾਲ ਬਹੁਤ ਸਨੇਹ ਕਰਦੇ ਸਨ ਅਤੇ ਆਪਣਾ ਉਸਤਾਦ ਮੰਨਦੇ ਸਨ। ਉਹ ਮਾਰਚ 2020 ਦੇ ਅਖੀਰ ਵਿਚ ਇੰਗਲੈਂਡ ਤੋਂ ਵਾਪਸ ਆਏ ਸਨ ਅਤੇ ਫਿਰ ਦਿੱਲੀ ਅਤੇ ਚੰਡੀਗੜ ਕੀਰਤਨ ਸਮਾਗਮਾਂ ਵਿਚ ਗਏ।

ਉਹਨਾਂ ਸਮਾਗਮਾਂ ਵਿਚ ਹਿੱਸਾ ਲੈਣ ਨਾਲ ਉਹਨਾਂ ਦਾ ਸਰੀਰ ਅਸਵਸਥ ਹੋ ਗਿਆ, ਫਿਰ ਉਹਨਾਂ ਨੂੰ ਗੁਰੂ ਨਾਨਕ ਦੇਵ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਚ ਦਾਖਲ ਹੋਣਾ ਪੈ ਗਿਆ। ਉਹਨਾਂ ਦੇ ਪੁੱਤਰ ਨੇ ਚੜ੍ਹਦੀ ਕਲਾ ਟਾਇਮ ਟੀ.ਵੀ ਤੇ ਦੱਸਿਆ ਸੀ ਕਿ ਉਹਨਾਂ ਨੂੰ ਛਾਤੀ ਵਿਚ ਦਰਦ ਸੀ ਪਰੰਤੂ ਹਸਪਤਾਲ ਦੇ ਡਾਕਟਰਾਂ ਅਨੁਸਾਰ ਉਹਨਾਂ ਤੇ ਕਰੋਨਾ ਦੀ ਬੀਮਾਰੀ ਹਾਵੀ ਹੋ ਗਈ ਸੀ। ਡਾਕਟਰਾਂ ਨੇ ਲਾਪਰਵਾਹੀ ਕੀਤੀ, ਠੀਕ ਇਲਾਜ ਨਾ ਹੋ ਸਕਿਆ। ਉਹਨਾਂ ਦਾ ਅੰਮ੍ਰਿਤਸਰ ਰਹਿ ਰਿਹਾ ਪੁੱਤਰ ਅਮਿਤੇਸ਼ਵਰ ਸਿੰਘ, ਖਾਲਸਾ ਜੀ ਦਾ ਇਲਾਜ ਕਰਨ ਲਈ ਚਾਰਜੋਈ ਕਰ ਰਿਹਾ ਸੀ ਅਤੇ ਦੂਜਾ ਪੁਤਰ ਮਸਕੀਨ ਸਿੰਘ ਅਮਰੀਕਾ ਤੋਂ ਫੋਨ ਰਾਹੀਂ ਕਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰਾਂ, ਮੈਨੇਜਰਾਂ, ਸਕੱਤਰਾਂ ਨੂੰ ਫੋਨ ਕਰਕੇ ਭਾਈ ਨਿਰਮਲ ਸਿੰਘ ਜੀ ਦਾ ਇਲਾਜ ਕਰਾਉਣ ਲਈ ਬੇਨਤੀਆਂ ਕਰ ਰਿਹਾ ਸੀ।

ਅੰਤ 2 ਅਪਰੈਲ 2020 ਈਸਵੀ ਭਾਈ ਨਿਰਮਲ ਸਿੰਘ ਜੀ ਮਹਾਂਮਾਰੀ ਨਾਲ ਲੜਦੇ ਹੋਏ ਸਵੇਰੇ 4:30 ਵਜੇ ਸਤਿਗੁਰਾਂ ਦੀ ਗੋਦ ਵਿਚ ਜਾ ਬਿਰਾਜੇ। ਉਸ ਤੋਂ ਬਾਅਦ ਹੋਰ ਅਨਹੋਣੀ ਵਾਪਰ ਗਈ ਕਿ ਹਸਪਤਾਲ ਵਿਚ ਲਾਪਰਵਾਹੀ ਕਾਰਨ ਖਾਲਸਾ ਜੀ ਦੀ ਲਾਸ਼ ਉਂਝ ਹੀ ਪਈ ਰਹੀ, ਸ਼ਾਮ ਨੂੰ ਵੇਰਕਾ ਦੇ ਜਨਤਕ ਸ਼ਮਸ਼ਾਨ ਭੂਮੀ ਵਿਚ ਸਥਾਨਕ ਲੋਕਾਂ ਨੇ ਸੰਸਕਾਰ ਕਰਨ ਦਾ ਵਿਰੋਧ ਕੀਤਾ ਤਾਂ ਫਿਰ ਅੰਮ੍ਰਿਤਸਰ-ਪਠਾਨਕੋਟ ਸੜਕ ਤੇ ਵੇਰਕਾ ਦੇ ਮੁਸ਼ਤਦਾ ਜ਼ਮੀਨ ਤੇ ਸੰਸਕਾਰ ਕੀਤਾ ਗਿਆ। ਇਸ ਪ੍ਰਕਾਰ ਇਕ ਪ੍ਰਸਿਧ ਰਾਗੀ ਸਦਾ ਲਈ ਨਾਸ਼ਵਾਨ ਸੰਸਾਰ ਛਡ ਗਿਆ। ਪ੍ਰਵਾਰ ਵਿਚ ਉਹਨਾਂ ਦੇ ਤਿੰਨ ਬੇਟੇ ਅਤੇ ਤਿੰਨ ਬੇਟੀਆਂ ਮੌਜੂਦ ਹਨ।

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਯਮਨਾ ਨਗਰ ਵਿਖੇ, ਬਸੰਤ ਪੁਰਬ ਦਾ ਮੇਲਾ

**25 ਜਨਵਰੀ 12 ਮਾਘ 2076 ਬਿ: ਦਿਨ ਸ਼ਨੀਵਾਰ** ਸ਼ਾਮ 4:35 ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਿੱਖਾਂ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਅੰਬਾਲਾ, ਸ਼ਾਹਬਾਦ ਹੁੰਦੇ ਹੋਏ ਸ਼ਾਮ ਨੂੰ ਮੂੰਹ ਹਨੇਰਾ ਹੋਣ ਤੱਕ ਯਮੁਨਾ ਨਗਰ ਵਿਖੇ ਆਣ ਦਰਸ਼ਨ ਦਿੱਤੇ। ਇਲਾਕੇ ਦੇ ਸੂਬਾ ਬਲਦੇਵ ਸਿੰਘ ਜੀ ਦੀ ਅਗੁਵਾਈ ਵਿੱਚ ਨੌਜੁਵਾਨਾਂ ਦਾ ਜਥਾ ਸ੍ਰੀ ਸਤਿਗੁਰੂ ਜੀ ਦੇ ਹਾਰਦਿਕ ਸਵਾਗਤ ਲਈ ਅੱਗੇ ਪਹੁੰਚਿਆ ਹੋਇਆ ਸੀ। ਰਾਤ ਦੇਰ ਤੱਕ ਸ੍ਰੀ ਸਤਿਗੁਰੂ ਜੀ ਦਾ ਪ੍ਰੋਗਰਾਮ ਆਪਣੇ ਸਿੱਖ ਸੇਵਕਾਂ ਦੇ ਘਰਾਂ ਵਿੱਚ ਚਰਨ ਪਾਉਣ ਦਾ ਸੀ। ਦਿੱਤੇ ਹੋਏ ਪ੍ਰੋਗਰਾਮ ਮੁਤਾਬਿਕ ਯਮੁਨਾ ਨਗਰ ਪਹੁੰਚ ਕੇ ਜਿਹਨਾਂ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਕੀਤੀ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ। ਸਭ ਤੋਂ ਪਹਿਲਾਂ ਸੁਰਿੰਦਰ ਸਿੰਘ ਦੀ ਵਰਕਸ਼ਾਪ, ਮਨਮੋਹਨ ਸਿੰਘ ਦੀ ਵਰਕਸ਼ਾਪ, ਸੰਪੂਰਨ ਸਿੰਘ ਆਈ. ਟੀ. ਆਈ., ਜਸਪਾਲ ਸਿੰਘ ਪ੍ਰੇਮ ਨਗਰ, ਗੁਲਜਾਰ ਸਿੰਘ ਆਈ. ਟੀ. ਆਈ, ਸਤਨਾਮ ਸਿੰਘ ਪ੍ਰਤਾਪ ਪਲਾਈਵੁਡ, ਗੁਰਚਰਨ ਸਿੰਘ ਭਾਟੀਆ ਨਗਰ, ਦਲਜੀਤ ਸਿੰਘ ਦੀ ਦੁਕਾਨ, ਅਮਰ ਸਿੰਘ ਹੁੱਡਾ ਕਲੋਨੀ, ਮਨਮੋਹਨ ਸਿੰਘ, ਅਵਤਾਰ ਸਿੰਘ ਚਿੱਟਾ ਮੰਦਰ ਰੋੜ, ਸੁਖਦੇਵ ਸਿੰਘ ਅਜ਼ਾਦ ਨਗਰ, ਹੀਰਾ ਸਿੰਘ ਦੀ ਦੁਕਾਨ, ਨਰਿੰਦਰ ਸਿੰਘ ਦੀ ਦੁਕਾਨ ਤੇ ਚਰਨ ਪਾਏ। ਇਸ ਤਰ੍ਹਾਂ ਸਿੱਖਾਂ-ਸੇਵਕਾਂ ਨੂੰ ਨਿਵਾਜਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਰਾਤ ਗੁਰਮੀਤ ਸਿੰਘ ਪੁੱਤਰ ਸੰਤ ਪਿਆਰਾ ਸਿੰਘ ਦੇ ਘਰ ਡੇਰਾ ਕੀਤਾ। 26 ਜਨਵਰੀ ਦਿਨ ਐਤਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਮੀਦਾ ਵਿਖੇ ਨਾਮਧਾਰੀ ਧਰਮਸਾਲਾ ਵਿੱਚ ਸਥਾਨਕ ਨੌਜੁਵਾਨਾਂ ਦੇ ਜਥੇ ਨੇ ਬਿਹਾਰਾ ਸਿੰਘ ਦੀ ਅਗੁਵਾਈ ਵਿੱਚ ਕੀਤਾ। ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਗੁਰਦਿਆਲ ਸਿੰਘ ਪੁੱਤਰ ਰਣਬੀਰ ਸਿੰਘ ਦੀ ਪਲਾਈਵੁੱਡ ਫੈਕਟਰੀ ਤੇ ਚਰਨ ਪਾਉਣ ਦੀ ਕ੍ਰਿਪਾ ਕੀਤੀ। ਇਥੋਂ ਹੀ ਵਾਪਸ ਆਣ ਹੀਰਾ ਸਿੰਘ ਪੁੱਤਰ ਸੰਤੋਖ ਸਿੰਘ ਦੇ ਘਰ ਪ੍ਰਸ਼ਾਦ ਪਾਣੀ ਛਕਿਆ। ਵਾਪਸੀ ਸਮੇਂ ਕ੍ਰਿਪਾਲ ਸਿੰਘ, ਜੋਗਿੰਦਰ ਸਿੰਘ, ਹੁਸ਼ਿਆਰ ਸਿੰਘ, ਬੀਬੀ ਅਮਰਜੀਤ ਕੌਰ ਅਤੇ ਗੁਰਚਰਨ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਇਥੋਂ ਹੀ ਧਰਮਸਾਲਾ ਪਹੁੰਚੇ ਤਾਂ ਯਮੁਨਾ ਨਗਰ ਦੇ ਨੌਜੁਵਾਨ, ਬੱਚੇ, ਬੱਚੀਆਂ ਨੇ ਗੁਰਬਾਣੀ ਦਾ ਪਾਠ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਸੁਣਾਇਆ। ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕ੍ਰਿਪਾ ਕਰਦੇ ਹੋਏ ਜਿਹਨਾਂ ਬੱਚਿਆਂ ਨੇ ਪਾਠ ਸੁਣਾਇਆ ਸੀ ਉਹਨਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਖੁਸ਼ੀਆਂ ਬਖ਼ਸ਼ੀਆਂ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਕਿ ਸਾਧ ਸੰਗਤ ਜੀ ਤੁਹਾਡੇ ਬੱਚੇ ਇਸੇ ਤਰ੍ਹਾਂ ਹੀ ਗੁਰਬਾਣੀ ਨਾਲ ਜੁੜ ਕੇ ਚੰਗੇ ਗੁਰਸਿੱਖੀ ਜੀਵਨ ਦੇ ਧਾਰਨੀ ਬਨਣ। ਇਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬਸੰਤ ਦਾ ਮੇਲਾ ਮਨਾ ਰਹੀ ਯਮੁਨਾਨਗਰ ਦੀ ਸਾਧ ਸੰਗਤ ਨੂੰ ਸ੍ਰੀ ਸਤਿਗੁਰੂ ਜੀ ਨੇ ਬੇਅੰਤ ਖੁਸ਼ੀਆਂ ਬਖਸ਼ੀਆਂ। ਮੇਲੇ ਦੀ ਸਮਾਪਤੀ ਬਾਅਦ ਪ੍ਰਧਾਨ ਬਲਵੰਤ ਸਿੰਘ ਜੀ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ ਅਤੇ ਵਾਪਸੀ ਸਮੇਂ ਰਸਤੇ ਵਿੱਚ ਇੱਕ ਦੁਕਾਨ ਤੇ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਦਿੱਲੀ ਵੱਲ ਰਵਾਨਾ ਹੋ ਗਿਆ।

**ਸੂਬਾ ਬਲਵਿੰਦਰ ਸਿੰਘ**

---

## ਸੰਤ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਸੰਤ ਪੁਰਬ ਦਾ ਮੇਲਾ

**28 ਜਨਵਰੀ 2020 ਸੰਤ ਨਗਰ:** ਹਰਿਆਣਾ ਰਾਜ ਦੇ ਜਿਲਾ ਸਿਰਸਾ ਦਾ ਨਾਮਧਾਰੀ ਇਤਿਹਾਸ ਵਿੱਚ ਮਾਨਯੋਗ ਪਹਿਚਾਣ ਰੱਖਣ ਵਾਲਾ ਪਿੰਡ ਹੈ ਸੰਤ ਨਗਰ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਪਿੰਡ ਦਾ ਨਾਮ ਜਗਮਲੇਰੇ ਤੋਂ ਬਦਲ ਕੇ -ਸੰਤ ਆਲਾ ਸਿੰਘ ਜੀ ਦੀ ਯਾਦ ਵਿੱਚ 'ਸੰਤ ਨਗਰ' ਰੱਖਿਆ। ਸੰਤ ਨਗਰ ਦੇ ਨੌਜੁਵਾਨ ਨਾਮਧਾਰੀਆਂ ਵੱਲੋਂ ਅਰਜ਼ ਕਰਨ 'ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸੰਤ ਨਗਰ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦਾ ਬਸੰਤ ਮੇਲਾ ਮਨਾਉਣ ਦੀ ਆਗਿਆ ਦਿੱਤੀ। 27 ਜਨਵਰੀ 2020 ਮੁਤਾਬਿਕ 14 ਮਾਘ 2076

ਬਿਕ੍ਰਮੀਂ ਦਿਨ ਸੋਮਵਾਰ ਨੂੰ ਸ੍ਰੀ ਸਤਿਗੁਰੂ ਜੀ ਦਿੱਲੀ ਤੋਂ ਚੱਲ ਕੇ ਵਾਇਆ ਹਿਸਾਰ, ਫਤਿਆਬਾਦ ਹੁੰਦੇ ਹੋਏ ਜਿਲ੍ਹਾ ਸਿਰਸਾ ਦੇ ਪਿੰਡ ਭੰਗੂਰ ਵਿਖੇ ਹਰਦੀਪ ਸਿੰਘ ਪੁੱਤਰ ਅਜਮੇਰ ਸਿੰਘ ਦੇ ਘਰ ਲੜਕੇ ਦੇ ਚੜ੍ਹਾਈ ਕਰ ਜਾਣ 'ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਇਥੇ ਸ. ਅਜੈਬ ਸਿੰਘ ਰੀਟਾਇਡ ***D.S.P.*** ਅਤੇ ਸ. ਸੁਖਚੈਨ ਸਿੰਘ, ਕਵੀਸ਼ਰ ਜੋਗਾ ਸਿੰਘ ਭੰਗੂਰ, ਸਵ:ਆਸਾ ਸਿੰਘ ਅਤੇ ਕਸ਼ਮੀਰ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਇਥੋਂ ਮਸਤਾਨਗੜ੍ਹ ਪਹੁੰਚੇ ਕੁਝ ਸਮਾਂ ਰੁਕਣ ਤੋਂ ਬਾਅਦ ਅਮਰਾਸਰ ਸ. ਪੂਰਨ ਸਿੰਘ ਘੁੰਮਣ ਰਾਣੀਆਂ ਵਾਲਿਆਂ ਦੇ ਘਰ ਪਹੁੰਚ ਸਵ: ਅਵਤਾਰ ਸਿੰਘ, ਦਰਸ਼ਨ ਸਿੰਘ, ਸਰਦਾਰ ਸਿੰਘ ਅਤੇ ਹਰਦਿਆਲ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਪ੍ਰਤਾਪ ਨਗਰ ਰਵੇਲ ਸਿੰਘ, ਕ੍ਰਿਪਾਲ ਸਿੰਘ ਦੇ ਘਰ ਦਰਸ਼ਨ ਦਿੱਤੇ ਅਤੇ ਇਥੋਂ ਵਾਪਸ ਆਣ ਸ. ਹਰਮੀਤ ਸਿੰਘ ਚੇਅਰਮੈਨ ਦੇ ਘਰ ਜੀਵਨ ਨਗਰ ਵਿਖੇ ਚਰਨ ਪਾਉਣ ਦੀ ਕ੍ਰਿਪਾ ਕੀਤੀ। ਰਾਤ ਮਸਤਾਨਗੜ੍ਹ ਵਿਸ਼ਰਾਮ ਕੀਤਾ। ਮਿਤੀ 28 ਜਨਵਰੀ ਮੰਗਲਵਾਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਗੁਰਲਾਲ ਸਿੰਘ ਅਤੇ ਸ਼ਾਮ ਸਿੰਘ ਰਾਗੀ ਨੇ ਕੀਤਾ। ਅੱਜ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਪੁਰਬ ਦਾ ਮੇਲਾ ਸੰਤ ਨਗਰ ਮਨਾਇਆ ਜਾ ਰਿਹਾ ਸੀ। ਵਾਰ ਦੀ ਸਮਾਪਤੀ ਬਾਅਦ ਸੰਤ ਨਗਰ ਵਿਖੇ ਹੀ ਸ. ਬਲਦੇਵ ਸਿੰਘ ਦੇ ਘਰ ਇੱਕ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕਾਕਾ ਸਤਨਾਮ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ ਪਾਇਆ ਗਿਆ। ਇਥੇ ਹੀ ਸ: ਸਵਰਨ ਸਿੰਘ ਚੀਮਾ ਕਵੀ ਦੇ ਚੜ੍ਹਾਈ ਕਰਨ 'ਤੇ ਘਰ ਚਰਨ ਪਾ ਪਰਿਵਾਰ ਨੂੰ ਦਰਸ਼ਨ ਦਿੱਤੇ। ਸ. ਦਰਸ਼ਨ ਸਿੰਘ, ਹਰਦੇਵ ਸਿੰਘ ਖਾਰੇਵਾਲਾ ਅਤੇ ਸੇਠ ਬਲੀ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਇਥੋਂ ਹੀ ਖੂਹ ਅਮਰਾਸਰੀਆਂ ਦੇ 'ਤੇ ਸ. ਸਤਨਾਮ ਸਿੰਘ ਦੀ ਮਾਤਾ ਅਮਰ ਕੌਰ ਨੂੰ ਦਰਸ਼ਨ ਦਿੱਤੇ, ਵਾਪਸੀ ਸਮੇਂ ਹਾਰਨੀਆਂ ਸ. ਜੋਗਿੰਦਰ ਸਿੰਘ ਦੀ ਪਤਨੀ ਸੁਰਜੀਤ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਦਮਦਮੇ ਗੁਰਦਿਆਲ ਸਿੰਘ ਦੀ ਪਤਨੀ ਮਾਤਾ ਧੰਨ ਕੌਰ ਘਰ ਚਰਨ ਪਾਏ। ਇਥੋਂ ਹੀ ਵਾਪਸ ਮਸਤਾਨਗੜ੍ਹ ਆਣ ਪ੍ਰਸ਼ਾਦਾ ਛਕਿਆ। ਦੁਪਹਿਰ ਇੱਕ ਵਜੇ ਮਸਤਾਨਗੜ੍ਹ ਤੋਂ ਸੰਤ ਨਗਰ ਕਸ਼ਮੀਰ ਸਿੰਘ ਭਿੰਡਰ ਘਰ ਚਰਨ ਪਾਉਣ ਬਾਅਦ ਮੰਦਰ ਵਿੱਚ ਹੋ ਰਹੇ ਮੇਲੇ ਵਿੱਚ ਦਰਸ਼ਨ ਦਿੱਤੇ ਸੂਬਾ ਸੰਦੀਪ ਸਿੰਘ ਕਰੀਵਾਲਾ ਦੀਵਾਨ ਸਜਾ ਰਹੇ ਸਨ। ਛੋਟੇ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕਵਿਤਾਵਾਂ ਪੜ੍ਹੀਆਂ ਅਤੇ ਸ. ਸੁਵਰਨ ਸਿੰਘ ਵਿਰਕ ਨੇ ਵਖਿਆਣ ਕੀਤਾ। ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਪਵਿੱਤਰ ਉਪਦੇਸ਼ ਸਾਧ ਸੰਗਤ ਨੇ ਸਰਵਨ ਕੀਤਾ, ਅਤੇ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਪਾਏ ਗਏ। ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਐਲਨਾਬਾਦ ਸ. ਸੁਖਰਾਜ ਸਿੰਘ ਦੀ ਮਾਤਾ ਬਸੰਤ ਕੌਰ ਦੇ ਚੜ੍ਹਾਈ ਕਰਨ ਤੇ ਉਹਨਾਂ ਦੇ ਘਰ ਦਰਸ਼ਨ ਦਿੱਤੇ ਅਤੇ ਜਸਵੰਤ ਸਿੰਘ ਕੋਟਲੀਵਾਲੇ ਦੀ ਢਾਣੀ 'ਤੇ ਚਰਨ ਪਾਏ। ਐਲਨਾਬਾਦ ਵਿਖੇ ਹੀ ਸ. ਰਜਵੰਤ ਸਿੰਘ ਸੱਗੂ ਦੀ ਵਰਕਸ਼ਾਪ, ਕੀਰਤ ਸਿੰਘ ਕਥੂਰੀਆਂ ਅਤੇ ਮੁਖਤਿਆਰ ਸਿੰਘ ਦੇ ਘਰਾਂ ਵਿੱਚ ਚਰਨ ਪਾਏ। ਰਾਤ ਮਸਤਾਨਗੜ੍ਹ ਵਿਸ਼ਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ**

---

## ਜਿਲ੍ਹਾ ਹਨੂੰਮਾਨਗੜ੍ਹ ਦੇ ਕਸਬਾ ਟਿੱਬੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

**29 ਜਨਵਰੀ 2020 ਟਿੱਬੀ (ਰਾਜਸਥਾਨ) :** ਹਰ ਇਕ ਨਾਮਧਾਰੀ ਦੀ ਦਿਲੀ ਖਾਹਿਸ਼ ਹੁੰਦੀ ਹੈ ਕਿ ਕਦੋਂ ਉਹ ਸੁਭਾਗ ਪ੍ਰਾਪਤ ਹੋਏ ਜਦੋਂ ਸ੍ਰੀ ਸਤਿਗੁਰੂ ਜੀ ਉਹਨਾਂ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕਰਨ। ਲੰਮੇ ਸਮੇਂ ਤੋਂ ਇਹ ਅਰਜ਼ੋਈ ਰਾਜਸਥਾਨ ਦੇ ਜਿਲ੍ਹਾ ਹਨੂੰਮਾਨਗੜ੍ਹ ਦੇ ਕਸਬਾ ਟਿੱਬੀ ਦੀ ਸਾਧ ਸੰਗਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿੱਚ ਕਰ ਰਹੀ ਸੀ। ਆਖਿਰ ਉਹ ਖੁਸ਼ੀਆਂ ਭਰਿਆ ਸੁਭਾਗ ਪ੍ਰਾਪਤ ਹੋਇਆ। 29 ਜਨਵਰੀ 2020 ਮੁਤਾਬਿਕ 16 ਮਾਘ 2076 ਬਿ: ਦਿਨ ਬੁੱਧਵਾਰ ਨੂੰ ਟਿੱਬੀ ਵਿਖੇ ਸਰਦਾਰ ਕਾਬਲ ਸਿੰਘ ਘਰ ਇਕ ਅਖੰਡ ਪਾਠ ਦਾ ਭੋਗ ਪੈਣਾ ਸੀ। ਸ੍ਰੀ ਸਤਿਗੁਰੂ ਜੀ ਨੇ ਰਾਹ ਵਿੱਚ ਹੀ ਪ੍ਰਬੰਧਕਾਂ ਨੂੰ ਹੁਕਮ ਕੀਤਾ ਕਿ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦਾ ਪ੍ਰੋਗਰਾਮ ਵੀ ਟਿੱਬੀ ਵਿਖੇ ਕੀਤਾ ਜਾਵੇ ਤਾਂ ਹੁਕਮ ਅਨੁਸਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਗੁਰਲਾਲ ਸਿੰਘ ਅਤੇ ਸ਼ਾਮ ਸਿੰਘ ਰਾਗੀ ਨੇ ਮਿਲ ਕੇ ਕੀਤਾ। ਸ੍ਰੀ ਸਤਿਗੁਰੂ ਜੀ ਨੇ ਸਵੇਰੇ ਮਸਤਾਨਗੜ੍ਹ ਤੋਂ ਚੱਲ ਕੇ ਸ. ਕਾਬਲ ਸਿੰਘ ਦੇ ਘਰ ਆਸਾ ਦੀ ਵਾਰ ਦੇ ਕੀਰਤਨ ਸਮੇਂ

ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਕੁਝ ਘਰਾਂ ਵਿੱਚ ਚਰਨ ਪਾਉਣ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਉਸੇ ਮੁਤਾਬਿਕ ਸ. ਬਲਬੀਰ ਸਿੰਘ ਕੱਕੜ, ਹਰਦੀਪ ਸਿੰਘ, ਅਮਰੀਕ ਸਿੰਘ, ਜਸਪਾਲ ਸਿੰਘ, ਅਜਮੇਰ ਸਿੰਘ, ਸੇਵਕ ਸਿੰਘ, ਮਨਜੀਤ ਸਿੰਘ ਢਿੱਲੋ, ਗੁਰਮੀਤ ਸਿੰਘ, ਮਹਿੰਗਾ ਸਿੰਘ, ਸਰਬਜੀਤ ਸਿੰਘ, ਸੇਵਕ ਸਿੰਘ, ਕਸ਼ਮੀਰ ਸਿੰਘ, ਕੁਲਵੰਤ ਸਿੰਘ, ਕਾਲਾ ਸਿੰਘ, ਰਤਨ ਸਿੰਘ, ਮਹਿੰਦਰ ਸਿੰਘ, ਬਿੰਦਰ ਸਿੰਘ, ਲੱਖਾ ਸਿੰਘ, ਗੁਰਦੇਵ ਸਿੰਘ, ਸੁਖਦੇਵ ਸਿੰਘ ਦੀ ਦੁਕਾਨ, ਜਸਵੰਤ ਸਿੰਘ, ਹਰਵੇਲ ਸਿੰਘ, ਮੰਗਲ ਸਿੰਘ, ਸਵਰਨ ਸਿੰਘ ਦੇ ਘਰ ਅਤੇ ਢਾਣੀ ਤਾਰਾ ਸਿੰਘ ਦੀ ਤੇ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਸਾਰੇ ਪ੍ਰਬੰਧ ਦੀ ਅਗੁਆਈ ਸ੍ਰ. ਕਿਰਪਾਲ ਸਿੰਘ ਕਰ ਰਿਹਾ ਸੀ। ਅਖੰਡ ਪਾਠ ਦੇ ਭੋਗ ਉਪਰੰਤ ਸਰਦਾਰ ਕਾਬਲ ਸਿੰਘ ਅਤੇ ਸਮੁੱਚੇ ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਸ਼ਰਧਾ ਅਤੇ ਸਤਿਕਾਰ ਸਹਿਤ ਮੱਥਾ ਟੇਕਿਆ। ਸ੍ਰੀ ਸਤਿਗੁਰੂ ਜੀ ਨੇ ਸਮੁੱਚੇ ਜਥੇ ਸਹਿਤ ਇਥੇ ਹੀ ਪ੍ਰਸ਼ਾਦਾ ਪਾਣੀ ਛਕਣ ਉਪਰੰਤ ਵਾਪਸੀ ਕਰਦੇ ਹੋਏ ਵਾਇਆ ਡੱਬਵਾਲੀ ਬਠਿੰਡਾ ਹੁੰਦੇ ਹੋਏ ਰਾਮਪੁਰਾ ਫੂਲ ਵਿਖੇ ਸ਼ਹੀਦਾਂ ਦੀ ਯਾਦ ਵਿਚ ਮਨਾਏ ਜਾ ਰਹੇ ਮੇਲੇ ਵਿਚ ਆਣ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਮੁਹਾਲੀ ਵਿਖੇ ਬਸੰਤ ਪੁਰਬ ਦਾ ਮੇਲਾ

**2 ਫਰਵਰੀ 2020 ਮੁਹਾਲੀ** ਵੱਖ-ਵੱਖ ਇਲਾਕਿਆਂ ਦੀ ਨਾਮਧਾਰੀ ਸਾਧ ਸੰਗਤ ਵੱਲੋਂ ਜੁਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾਂਦਾ ਹੈ। ਚੰਡੀਗੜ੍ਹ ਅਤੇ ਮੁਹਾਲੀ ਨਿਵਾਸੀ ਸਾਧ-ਸੰਗਤ ਆਪੋ-ਆਪਣੀ ਵਾਰੀ ਅਨੁਸਾਰ ਇੱਕ ਸਾਲ ਚੰਡੀਗੜ੍ਹ ਅਤੇ ਦੂਸਰੇ ਸਾਲ ਮੁਹਾਲੀ ਵਿਖੇ ਇਸ ਮੇਲੇ ਨੂੰ ਮਨਾਉਂਦੀ ਹੈ। 2 ਫਰਵਰੀ, 20 ਮਾਘ 2076 ਬਿਕ੍ਰਮੀਂ ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸਵੇਰੇ 10 ਵਜੇ ਮੁਹਾਲੀ ਫੇਸ 10 ਵਿਖੇ ਸੂਬਾ ਪਰਮਜੀਤ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਏਥੇ ਹੀ ਪ੍ਰਸ਼ਾਦ ਪਾਣੀ ਛਕਿਆ। ਏਥੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਮੁਹਾਲੀ ਫੇਸ 7 ਵਿਖੇ ਨਾਮਧਾਰੀ ਧਰਮਸਾਲਾ ਪਹੁੰਚਿਆ। ਜਿੱਥੇ ਸਾਧ ਸੰਗਤ ਬੜੇ ਹੀ ਚਾਅ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਦਾ ਮੇਲਾ ਮਨਾ ਰਹੀ ਸੀ। ਹਜ਼ੂਰੀ ਰਾਗ਼ੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਠਾਕੁਰ ਸਿੰਘ ਸ੍ਰੀ ਸਤਿਗੁਰੂ ਰਾਮਦਾਸ ਜੀ ਦਾ ਸੂਹੀ ਰਾਗ ਦਾ ਸ਼ਬਦ, "ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ" ਗਾਇਨ ਕਰ ਰਹੇ ਸਨ ਅਤੇ ਸੂਹੀ ਰਾਗ ਦੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ, " ਸਖੀ ਮਿਲਹੁ ਰਸਿ ਮੰਗਲ ਗਾਵਹੁ" ਨਾਲ ਆਪਣੇ ਕੀਰਤਨ ਦੀ ਸਮਾਪਤੀ ਕੀਤੀ। ਕੀਰਤਨ ਤੋਂ ਬਾਅਦ ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਕਥਾ ਕੀਤੀ। ਅੱਜ ਦੇ ਪ੍ਰੋਗਰਾਮ ਵਿੱਚ ਸ. ਬਲਵੀਰ ਸਿੰਘ ਸਿੱਧੂ ਕੈਬਨਿਟ ਮੰਤਰੀ ਪੰਜਾਬ ਸਰਕਾਰ ਉਚੇਚੇ ਤੌਰ ਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ। ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਪਰਉਪਕਾਰਾਂ ਨੂੰ ਹਮੇਸ਼ਾਂ ਯਾਦ ਰੱਖਣ ਦਾ ਹੁਕਮ ਕੀਤਾ। ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਮੁਹਾਲੀ ਨਾਮਧਾਰੀ ਧਰਮਸ਼ਾਲਾ ਵਿਖੇ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਸਿਹਤ ਸਹੂਲਤਾਂ ਲਈ ਇੱਕ ਡਿਸਪੈਂਸਰੀ ਦਾ ਉਦਘਾਟਨ ਕੀਤਾ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ**

## ਜ਼ਿਲ੍ਹਾ ਮੁਕਤਸਰ ਦੇ ਪਿੰਡ ਦੂਹੇਵਾਲਾ ਵਿਖੇ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੇਲਾ

**3 ਫਰਵਰੀ 2020 ਮੁਤਾਬਿਕ 21 ਮਾਘ 2076 ਬਿਕ੍ਰਮੀ ਦਿਨ ਸੋਮਵਾਰ:** ਮੁਕਤਸਰ ਜ਼ਿਲ੍ਹੇ ਦੇ ਪਿੰਡ ਦੂਹੇਵਾਲਾ ਵਿਖੇ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਸੂਬਾ ਸਰਬਜੀਤ ਸਿੰਘ ਅਤੇ ਗੁਰਤੇਜ ਸਿੰਘ ਦੀ ਅਗਵਾਈ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਦੇ ਸਬੰਧ ਵਿੱਚ ਮੇਲਾ ਮਨਾਇਆ ਗਿਆ। 2 ਫਰਵਰੀ ਦਿਨ ਐਤਵਾਰ ਸ਼ਾਮ ਦਾ ਦੀਵਾਨ ਜਥੇਦਾਰ ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪਣੇ ਜਥੇ ਸਮੇਤ ਸਜਾਇਆ। 3 ਫਰਵਰੀ ਦਿਨ ਸੋਮਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਜਥੇਦਾਰ ਕਮਾਲ ਸਿੰਘ ਨੇ ਜਥੇ ਸਮੇਤ ਕੀਤਾ। ਸ੍ਰੀ ਸਤਿਗੁਰੂ ਜੀ 3 ਫਰਵਰੀ ਦਿਨ ਸੋਮਵਾਰ ਸਵੇਰੇ 7:30 ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਬਰਨਾਲਾ, ਬਠਿੰਡਾ ਅਤੇ

ਗਿੱਦੜਬਾਹਾ ਹੁੰਦੇ ਹੋਏ ਭਾਈ ਰਾਏ ਸਿੰਘ ਦੇ ਪਿੰਡ ਮਧੀਰ ਲੰਘ ਕੇ ਪਿੰਡ ਸਮਾਘ ਵਿਖੇ ਸਰਦਾਰ ਮਿੱਠੂ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਜ਼ਿਕਰਯੋਗ ਹੈ ਕਿ ਇਸ ਪਿੰਡ ਮਧੀਰ ਦੇ ਨਿਵਾਸੀ ਭਾਈ ਰਾਇ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹਜ਼ੂਰ ਸਾਹਿਬ ਤੋਂ ਰਹਿਤ ਮਰਿਯਾਦਾ ਲਿਖ ਲਿਆਂਦੀ ਸੀ। ਇਥੋਂ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਮੇਲੇ ਵਾਲੇ ਸਥਾਨ ਪਿੰਡ ਦੂਹੇਵਾਲਾ ਵਿੱਖੇ ਦਰਸ਼ਨ ਦਿੱਤੇ। ਸਾਧ ਸੰਗਤ ਨੇ ਫੁੱਲ ਮਾਲਾਵਾਂ ਭੇਟ ਕਰਕੇ ਬੜੀ ਸ਼ਰਧਾ ਨਾਲ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਸਟੇਜ ਤੇ ਸੂਬਾ ਸੰਦੀਪ ਸਿੰਘ ਆਪਣੇ ਜਥੇ ਨਾਲ ਦੀਵਾਨ ਸਜਾ ਰਹੇ ਸਨ। ਉਪਰੰਤ ਪੰਡਤ ਯਾਦਵਿੰਦਰ ਸਿੰਘ ਨੇ ਕਥਾ ਕੀਤੀ। ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਉਪਰੰਤ ਸੂਬਾ ਸਰਬਜੀਤ ਸਿੰਘ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਕਵੀਸ਼ਰ ਗੁਰਸੇਵਕ ਸਿੰਘ ਆਪਣੇ ਜਥੇ ਸਮੇਤ ਹਾਜ਼ਰ ਸਨ। ਸਟੇਜ ਸੱਕਤਰ ਦੀ ਜ਼ਿੰਮੇਵਾਰੀ ਬੀਬੀ ਸੁਖਜੀਤ ਕੌਰ ਨੇ ਵਧੀਆ ਨਿਭਾਈ। ਕੁੱਝ ਸ਼ਖ਼ਸੀਅਤਾਂ ਦਾ ਸਨਮਾਨ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕ੍ਰਿਪਾ ਕੀਤੀ ਅਤੇ ਸਾਧ ਸੰਗਤ ਨੂੰ ਅਗਲੀ ਆਉਣ ਵਾਲੀ ਪੀੜ੍ਹੀ, ਨੌਜਵਾਨ ਬੱਚਿਆਂ ਨੂੰ ਗੁਰਬਾਣੀ ਮੁਤਾਬਿਕ ਗੁਰਸਿੱਖੀ ਨਾਲ ਜੋੜਨ ਦਾ ਹੁਕਮ ਕੀਤਾ। ਮੇਲੇ ਦੀ ਸਮਾਪਤੀ ਦੀ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਦੂਹੇਵਾਲਾ ਵਿੱਖੇ ਸ. ਬਲਤੇਜ ਸਿੰਘ, ਸੁਖਬੀਰ ਸਿੰਘ ਮੈਂਬਰ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਉਪਰੰਤ ਸ੍ਰੀ ਸਤਿਗੁਰੂ ਜੀ ਨਾਮਧਾਰੀ ਡੇਰਾ ਮੁਕਤਸਰ ਵਿਖੇ ਦਰਸ਼ਨ ਦਿੱਤੇ ਅਤੇ ਵਿਨੇਸ਼ ਕੁਮਾਰ ਨਾਗਪਾਲ ਅਤੇ ਸਵਰਨ ਸਿੰਘ ਪੁੱਤਰ ਗੁਰਬਖਸ਼ ਸਿੰਘ ਦੀ ਦੁਕਾਨ ਤੇ ਚਰਨ ਪਾਏ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਵਾਇਆ ਵਾਘਾ ਪੁਰਾਣਾ ਮੋਗਾ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਆਣ ਪਹੁੰਚੇ।

**ਸੂਬਾ ਬਲਵਿੰਦਰ ਸਿੰਘ ਝੱਲ**

---

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਮਾਲਵੇ ਇਲਾਕੇ ਅਤੇ ਕੂਕਿਆਂ ਬੀੜ ਦਾ ਦੌਰਾ

**18-19-20-21 ਮਾਰਚ 2020 ਈ:** ਮਾਲਵੇ ਇਲਾਕੇ ਦੀ ਸਾਧ ਸੰਗਤ ਅਤੇ ਸੂਬਾ ਬਲਬੀਰ ਸਿੰਘ ਢਿਲਵਾਂ, ਸੂਬਾ ਇੰਦਰਜੀਤ ਸਿੰਘ ਮੱਲ ਦੀ ਅਰਜ਼ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਹੋਲੇ-ਮਹੱਲੇ ਦੇ ਪੁਰਬ ਤੋਂ ਤੁਰੰਤ ਬਾਅਦ ਮਾਲਵੇ ਦੇ ਦੌਰੇ ਦੀ ਕਿਰਪਾ ਕੀਤੀ।

18 ਮਾਰਚ 2020 ਮੁਤਾਬਿਕ 5 ਚੇਤਰ 2076 ਦਿਨ ਵੀਰਵਾਰ ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਮੋਗਾ ਜਿਲ੍ਹਾ ਦੇ ਕਸਬੇ ਬਾਘਾ ਪੁਰਾਨਾ ਪਹੁੰਚੇ ਜਿੱਥੇ ਸੂਬਾ ਬਲਬੀਰ ਸਿੰਘ, ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਗੁਰਮੇਲ ਸਿੰਘ ਰਾਏਸਰ, ਹਿੰਮਤਪੁਰੇ ਦੇ ਸੰਤ ਜਸਵੰਤ ਸਿੰਘ ਅਤੇ ਹੋਰ ਸੰਗਤਾਂ ਆਪ ਜੀ ਦੀ ਇੰਤਜਾਰ ਕਰ ਰਹੇ ਸਨ। ਸਭ ਤੋਂ ਪਹਿਲਾਂ ਮੋਗਾ ਸ਼ਹਿਰ ਦੇ ਘਰ, ਫੇਰ ਪਿੰਡ ਰੋਡੇ, ਬਾੜਾ ਦੁੜਾਕਾ, ਪੱਥੀ, ਕੋਟਕਪੂਰਾ, ਜੈਤੋ, ਫਰੀਦਕੋਟ, ਰਣ ਸਿੰਘ ਵਾਲਾ, ਸਮਾਧ, ਰੋਤਾਂ, ਪੱਤੋਂ, ਦੀਨਾਂ ਕਾਂਗੜ, ਬੁਰਜ, ਨੰਗਲ, ਤਖਤੂਪੁਰਾ, ਮੋਮ, ਬਧਨੀ ਅਤੇ ਭੱਮੀ ਪੁਰਾ ਪਿੰਡਾ ਵੱਲ ਕਿਰਪਾ ਕਰਦੇ ਹੋਏ, ਸ੍ਰੀ ਸਤਿਗੁਰੂ ਜੀ ਦੇਰ ਰਾਤ ਤੱਕ ਸ੍ਰੀ ਭੈਣੀ ਸਾਹਿਬ ਪਹੁੰਚੇ।

**19 ਮਾਰਚ 2020, 6 ਚੇਤਰ ਦਿਨ ਸ਼ੁੱਕਰਵਾਰ:** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਉਪਰੰਤ ਭੈਣੀ ਸਾਹਿਬ ਤੋਂ ਚੱਲਕੇ ਰਾਇਕੋਟ ਦੇ ਨੇੜੇ ਪਿੰਡ ਬੁਰਜ ਹਰੀ ਸਿੰਘ ਤੋਂ ਦੌਰਾ ਸ਼ੁਰੂ ਹੋਇਆ। ਸੂਬੇ ਸਹਿਬਾਨ ਅਤੇ ਸੰਤ ਹਿੰਮਤਪੁਰੇ ਵਾਲੇ ਜਸਵੰਤ ਸਿੰਘ ਜੀ ਨਾਲ ਅਗੁਆਈ ਕਰ ਰਹੇ ਸਨ। ਬੁਰਜ ਹਰੀ ਸਿੰਘ ਤੋਂ ਛੇਜੇਵਾਲ, ਜਲਾਲਦੀਵਾਲ, ਦਸੌਂਧਾਂ ਸਿੰਘ ਵਾਲਾ, ਤਪਾ, ਬਾਪਲਾ ਇੱਥੋਂ ਚੱਲ ਕੇ ਮਾਈਸਰਖਾਨਾ ਮੇਲੇ ਵਿੱਚ ਦਰਸ਼ਨ ਦਿੱਤੇ ਅਤੇ 29 ਘਰਾਂ ਵਿੱਚ ਮਾਈਸਰਖਾਨੇ ਚਰਨ ਪਾਉਣ ਉਪਰੰਤ, ਭਾਈ ਬਖਤੌਰ, ਮੌੜ, ਛੰਨਾ, ਹੰਡਿਆਇਆ, ਠੀਕਰੀਵਾਲ, ਜੋਧਪੁਰ, ਭਗਤਾਭਾਈ ਕਾ, ਕੋਠਾ ਗੁਰੂ ਸ.ਗੁਰਦੀਪ ਸਿੰਘ ਦੇ ਘਰ ਰਾਤ ਵਿਸ਼ਰਾਮ ਕੀਤਾ ਅਤੇ ਇਥੋਂ ਹੀ ਸਵੇਰੇ 20 ਮਾਰਚ ਮੁਤਾਬਿਕ 7 ਚੇਤਰ ਦਿਨ ਸ਼ਨੀਵਾਰ ਨੂੰ ਆਸਾ ਦੀ ਵਾਰ ਦਾ ਕੀਰਤਨ, ਰਾਗੀ ਹਰਬੰਸ ਸਿੰਘ ਘੁੱਲਾ ਜੀ ਅਤੇ ਸ਼ਾਮ ਸਿੰਘ ਤੇ ਸਰਮੁੱਖ ਸਿੰਘ ਨੇ ਕੀਤਾ।

ਸਵੇਰੇ ਕੋਠਾ ਗੁਰੂ ਕਾ, ਮਲੂਕਾ, ਸੇਖਾ, ਹੇੜੀਕੇ, ਖੇੜੀ, ਠੁਲੀਵਾਲ, ਕਾਕੜਾ, ਭੱਮਾਂਬੱਧੀ, ਡੀਟਾਂਵਾਲਾ ਸਕਰੌਦੀ, ਫਤਿਹਗੜ੍ਹ ਛੰਨਾਂ, ਦਿਆਲਗੜ੍ਹ ਅਤੇ ਪਿੰਡ ਤੁਰੀ ਹੁੰਦੇ ਹੋਏ ਦੇਰ ਰਾਤ ਸ੍ਰੀ ਭੈਣੀ ਸਾਹਿਬ ਪੁੱਜੇ।

**21 ਮਾਰਚ, 8 ਚੇਤਰ ਦਿਨ ਸ਼ਨੀਵਾਰ:** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਚੱਲਕੇ ਪਿੰਡ 'ਬੀੜ ਗੁਰੂ ਕਾਂ' ਵਿਖੇ ਨਗਰ ਨਿਵਾਸੀ ਸਾਧ ਸੰਗਤ ਵੱਲੋਂ ਧਰਮਸਾਲਾ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ

ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਕੁੱਝ ਘਰਾਂ ਵਿੱਚ ਚਰਨ ਪਾਏ। ਪ੍ਰਸ਼ਾਦ ਪਾਣੀ ਛਕਿਆ। ਇਥੇ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਬਣੇ ਸੁੰਦਰ ਗੇਟ ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਨੇ ਪਾਵਨ ਕਰ ਕਮਲਾਂ ਦੁਆਰਾ ਕੀਤਾ ਗਿਆ। ਇੱਥੇ ਬੀੜ ਤੋਂ ਚੱਲਕੇ ਜਿਲਾ ਸੰਗਰੂਰ ਦੇ ਪਿੰਡ ਘਾਬਕਾਂ, ਮੰਗਵਾਲ, ਕਵੱਦੀ, ਬੈਟਰੀਆਣਾ, ਖੇਤਲਾਂ, ਕਾਕੂਵਾਲ ਅਤੇ ਲਾਡ ਬਣਜਾਰਾ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਵਾਇਆ ਸੰਗਰੂਰ, ਧੂਰੀ, ਮਾਲੇਰਕੋਟਲਾ ਹੁੰਦਾ ਹੋਇਆ ਵਾਪਸ ਸ੍ਰੀ ਭੈਣੀ ਸਾਹਿਬ ਆਣ ਪਹੁੰਚਾ।

**ਸੂਬਾ ਬਲਵਿੰਦਰ ਸਿੰਘ ਝੱਲ**

---

# ਪਿੰਡ ਕੋਠਾ ਗੁਰੂ (ਬਠਿੰਡਾ) ਵਿਖੇ ਸਤਿਗੁਰੂ ਉਦੇ ਸਿੰਘ ਜੀ ਦਾ ਆਗਮਣ

ਬੀਤੇ ਦਿਨੀਂ ਭਾਈ ਗੁਰਦੀਪ ਸਿੰਘ ਜੀ 'ਗਿੱਲ' (ਨਾਮਧਾਰੀ) ਦੇ ਘਰ ਪਿੰਡ ਕੋਠਾਗੁਰੂ ਜ਼ਿਲ੍ਹਾ ਬਠਿੰਡਾ ਵਿਖੇ ਨਾਮਧਾਰੀ ਸੰਪ੍ਰਦਾਇ ਦੇ ਸਰਵੇ-ਸਰਵਾ ਮਹਾਨ ਸਖਸ਼ੀਅਤ ਪਰਮ-



ਆਦਰਨੀਯ ਸਤਿਗੁਰੂ ਉਦੇ ਸਿੰਘ ਜੀ ਮਹਾਰਾਜ ਨੇ ਦਰਸ਼ਨ ਦੇ ਕੇ ਨਗਰ ਕੋਠਾ ਗੁਰੂ ਵਾਸੀਆਂ ਨੂੰ ਕ੍ਰਿਤਾਰਥ ਕੀਤਾ। ਮਾਨਯੋਗ ਸਤਿਗੁਰੂ ਉਦੇ ਸਿੰਘ ਜੀ ਮਹਾਰਾਜ 19 ਮਾਰਚ 2020 ਈ. ਨੂੰ ਸ਼ਾਮ ਦੇ 6:00 ਵਜੇ ਪਹੁੰਚ ਗਏ ਸਨ।

ਸਤਿਗੁਰੂ ਉਦੇ ਸਿੰਘ ਜੀ ਦੇ ਆਗਮਣ ਦੀ ਖ਼ਬਰ ਪਿੰਡ ਕੋਠਾਗੁਰੂ ਅਤੇ ਇਲਾਕੇ ਦੀਆਂ ਨਾਮਧਾਰੀ ਸੰਗਤਾਂ ਤੱਕ ਤਤਕਾਲ ਪਹੁੰਚ ਗਈ ਜੋ ਭਾਈ ਗੁਰਦੀਪ ਸਿੰਘ ਜੀ ਦੇ ਘਰ ਪਹੁੰਚਣੇ ਸ਼ੁਰੂ ਹੋ ਗਏ ਅਤੇ ਸਤਿਗੁਰੂ ਜੀ ਨੂੰ ਭੇਟਾ ਸਮਰਪਣ ਕਰਕੇ ਦਰਸ਼ਨ ਕਰਨ ਲੱਗੇ। ਸ਼ਾਮ 9:00 ਵਜੇ ਤੱਕ ਸੰਗਤਾਂ ਦਰਸ਼ਨ-ਦੀਦਾਰੇ ਕਰਦੀਆਂ ਰਹੀਆਂ ਅਤੇ ਸਤਿਗੁਰੂ ਜੀ ਦਾ ਸਦ-ਉਪਦੇਸ਼ ਗ੍ਰਹਿਣ ਕਰਕੇ ਵਾਪਿਸ ਘਰਾਂ ਨੂੰ ਗਈਆਂ। ਇਸ ਸਮੇਂ ਭਾਈ ਗੁਰਦੀਪ ਸਿੰਘ (ਬਿੱਟਾ ਜੀ) ਵੱਲੋਂ ਸਾਰੀ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਕਿ ਸਵੇਰੇ 4:30 ਵਜੇ ਉਨ੍ਹਾਂ ਦੇ ਗ੍ਰਹਿ ਵਿਖੇ ਹਜ਼ੂਰੀ ਰਾਗੀ ਭਾਈ ਹਰਬੰਸ ਸਿੰਘ ਘੁੱਲਾ ਜੀ ਦੇ ਜਥੇ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ ਅਤੇ ਸਤਿਗੁਰੂ ਜੀ ਵੀ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਬਖਸ਼ਣਗੇ। ਭਾਈ ਗੁਰਦੀਪ ਸਿੰਘ ਜੀ ਵੱਲੋਂ ਪਿੰਡ/ਇਲਾਕੇ ਦੇ ਪ੍ਰਤਿਸ਼ਠਤ ਅਤੇ ਪ੍ਰਮੁੱਖ ਧਾਰਮਿਕ ਸ਼ਖਸੀਅਤਾਂ ਨੂੰ ਦੀਵਾਨ ਅਤੇ ਆਸਾ ਦੀ ਵਾਰ ਦੇ ਕੀਰਤਨ ਵਿਚ ਸ਼ਾਮਿਲ ਹੋਣ ਲਈ ਫੋਨ ਵੀ ਕੀਤੇ ਗਏ। ਉਪਰੰਤ ਸਤਿਗੁਰੂ ਜੀ ਲੰਗਰ-ਪਾਣੀ ਛਕ ਕੇ ਕੋਠੀ ਦੀ ਉਪਰਲੀ ਮੰਜ਼ਿਲ ਉਪਰ ਸੁੰਦਰ ਸਜੇ ਹੋਏ ਕਮਰੇ ਵਿਚ ਆਰਾਮ ਕਰਨ ਲਈ ਚਲੇ ਗਏ ਅਤੇ ਭਾਈ ਗੁਰਦੀਪ ਸਿੰਘ ਜੀ ਦਾ ਸਾਰਾ ਪਰਿਵਾਰ ਸਵੇਰ ਦੇ ਦੀਵਾਨ ਦੀ ਤਿਆਰੀ, ਲੰਗਰ ਦੀ ਤਿਆਰੀ ਵਿਚ ਲੱਗ ਗਿਆ।

ਅੰਮ੍ਰਿਤ ਵੇਲੇ 3:00 ਵਜੇ ਸਤਿਗੁਰੂ ਉਦੇ ਸਿੰਘ ਜੀ ਮਹਾਰਾਜ ਅਤੇ ਕੀਰਤਨੀ ਜੱਥੇ ਨੇ ਉਠ ਕੇ ਸਣਕੇਸੀ ਇਸ਼ਨਾਨ ਕਰਕੇ ਗੁਰਸ਼ਬਦ ਦਾ ਅਭਿਆਸ ਕੀਤਾ ਅਤੇ ਸਹੀ 4:30 ਵਜੇ ਕੋਠੀ ਦੇ ਖੁੱਲ੍ਹੇ ਵਿਹਲੇ ਦੇ ਸੁੰਦਰ ਪੰਡਾਲ ਵਿੱਚ ਭਾਈ ਹਰਬੰਸ ਸਿੰਘ ਜੀ ਨੇ ਰਾਗੀ ਜਥੇ ਸਹਿਤ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਸਤਿਗੁਰੂ ਜੀ ਵੀ ਕੀਰਤਨ ਵਿੱਚ ਆ ਬਿਰਾਜਮਾਨ ਹੋਏ, ਜਿਨ੍ਹਾਂ ਅੱਗੇ ਉੱਜਲ-ਦੀਦਾਰੀ ਸੰਗਤਾਂ ਵੀ ਦਰਸ਼ਨ ਕਰਕੇ ਅਤੇ ਕੀਰਤਨ ਸਰਵਣ ਕਰਕੇ ਆਪਣੇ ਜਨਮ ਸਫਲਾ ਕਰਨ ਲੱਗੀਆਂ। ਸੰਗਤਾਂ, ਸਤਿਗੁਰੂ ਜੀ ਅਤੇ ਕੀਰਤਨੀ ਜਥੇ ਦੇ ਸਨਮੁੱਖ ਇਕਾਗਰ ਚਿੱਤ ਕੀਰਤਨ ਸਰਵਣ ਕਰ ਰਹੀਆਂ ਸਨ। ਸੁੰਦਰ ਸ਼ਵੇਤ ਬਸਤਰਾਂ ਵਿੱਚ ਸਜੇ ਇੱਕ ਤਰਫ ਭਾਈ ਬੈਠੇ ਸਨ ਅਤੇ ਇਕ ਤਰਫ ਬੀਬੀਆਂ ਸਨ। ਕਿਸੇ ਪਾਸੇ ਤੋਂ ਕੋਈ ਅਵਾਜ ਜਾਂ ਸ਼ੋਰ ਨਹੀਂ ਸੀ। ਕੇਵਲ ਕੀਰਤਨ ਦੀ ਘਨ-ਘੋਰ ਪੈ ਰਹੀ ਸੀ। ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਮਾਨ ਸਰੋਵਰ ਉਪਰ ਉੱਜਲ ਦੀਦਾਰੀ ਹੰਸਾਂ ਦੀਆਂ ਡਾਰਾਂ ਬੈਠੀਆਂ ਹੋਣ। ਕੀਰਤਨ 7 ਵਜੇ ਤੱਕ ਜਾਰੀ ਰਿਹਾ। ਕੀਰਤਨ ਦੀ ਸਮਾਪਤੀ ਉਪਰੰਤ ਸੂਬਾ ਇੰਦਰਜੀਤ ਸਿੰਘ ਜੀ ਮੱਲ ਅਤੇ ਡਾ. ਲਖਵੀਰ ਸਿੰਘ ਜੀ ਨਾਮਧਾਰੀ ਰਾਮਪੁਰਾਫੂਲ ਵਾਲਿਆਂ ਵੱਲੋਂ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਵਿਸ਼ੇਸ਼ ਕਰਕੇ ਸਤਿਗੁਰੂ ਉਦੇ ਸਿੰਘ ਜੀ ਮਹਾਰਾਜ ਪ੍ਰਤੀ ਕ੍ਰਿਤਗਯਤਾ ਪ੍ਰਗਟ ਕੀਤੀ ਜਿਨ੍ਹਾਂ ਵੱਲੋਂ ਉਚੇਚੇ ਦਰਸ਼ਨ ਦੇ ਕੇ ਸੰਗਤਾਂ ਨੂੰ ਕ੍ਰਿਤਾਰਥ ਕੀਤਾ ਗਿਆ।

ਇਸ ਸਮੇਂ ਭਾਈ ਗੁਰਦੀਪ ਸਿੰਘ ਜੀ ਗਿੱਲ ਅਤੇ ਉਨ੍ਹਾਂ ਦੇ ਪਿਤਾ ਭਾਈ ਰੂਪ ਸਿੰਘ ਜੀ ਵੱਲੋਂ ਅਰਜ਼ ਕੀਤੀ ਗਈ। ਸਾਰੀ ਸੰਗਤ ਨੂੰ ਲੰਗਰ ਪਾਣੀ ਛਕ ਕੇ ਜਾਣ ਦੀ ਕ੍ਰਿਪਾਲਤਾ ਕਰਨੀ। ਸੋ ਉਥੇ ਹੀ ਪੰਡਾਲ ਵਿੱਚ ਪੰਗਤਾਂ ਲਵਾਕੇ ਸੇਵਾਦਾਰਾਂ, ਵੱਲੋਂ ਸਾਰੀ ਸੰਗਤ ਨੂੰ ਪ੍ਰੇਮ ਪੂਰਵਕ ਲੰਗਰ ਛਕਾਇਆ ਗਿਆ।

ਦੀਵਾਨ ਵਿੱਚ ਪੁੱਜੀਆਂ ਸ਼ਖਸੀਅਤਾਂ ਵਿਚੋਂ ਸਰਦਾਰ ਸਿਕੰਦਰ ਸਿੰਘ ਜੀ ਮਲੂਕਾ ਸਾਬਕਾ ਕੈਬਨਿਟ ਮੰਤਰੀ, ਸੂਬਾ ਭਾਈ ਬਲਵਿੰਦਰ ਸਿੰਘ ਜੀ ਗਹਿਲ, ਲੇਖਕ ਗਿਆਨੀ ਕੌਰ ਸਿੰਘ ਕੋਠਾਗੁਰੂ, ਡਾ. ਲਖਵੀਰ ਸਿੰਘ ਜੀ ਨਾਮਧਾਰੀ, ਸੂਬਾ ਇੰਦਰਜੀਤ ਸਿੰਘ ਜੀ ਮੱਲ ਭਗਤਾ ਭਾਈਕਾ, ਭਾਈ ਦਵਿੰਦਰ ਸਿੰਘ ਉੱਪਲ, ਭਾਈ ਬਲਵਿੰਦਰ ਸਿੰਘ ਕੰਘੂੜਾ ਅਤੇ ਇਲਾਕੇ ਦੀਆਂ ਹੋਰ ਮਾਨਯੋਗ ਸ਼ਖਸੀਅਤਾਂ ਹਾਜ਼ਰ ਸਨ।

ਇਸ ਸਮੇਂ ਹੀ ਪਿੰਡ ਕੋਠਾ ਗੁਰੂ ਦੇ ਇਤਿਹਾਸਕਾਰ, ਸਿੱਖ ਬੁੱਧੀਜੀਵੀ ਵਿਦਵਾਨ ਗਿਆਨੀ ਬਲਵੰਤ ਸਿੰਘ ਜੀ ਕੋਠਾਗੁਰੂ ਜੋ ਪਿਛਲੇ ਸਾਲ ਬ੍ਰਹਮਲੀਨ ਹੋ ਗਏ ਸਨ, ਉਨ੍ਹਾਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ- 'ਅਗਮ ਅਗਾਧ ਪੁਰਖ, ਸ੍ਰੀ ਦਮਦਮਾ ਗੁਰੂ ਕੀ ਕਾਸ਼ੀ, ਕੋਠਾਗੁਰੂ ਦੀ ਗੌਰਵ ਗਾਥਾ, 'ਕਲਾਧਾਰੀ ਪੁਰਖ, 'ਗੁਰਬਾਣੀ ਵੇਦਾਂਤ ਨਿਰਣੈ' ਆਦਿਕ ਗਿਆਨੀ ਜੀ ਦੇ ਸਪੁੱਤਰ ਗਿਆਨੀ ਕੌਰ ਸਿੰਘ ਅਤੇ ਪੋਤਰੇ ਹਰਸ਼ਦੀਪ ਸਿੰਘ ਹੈਪੀ, ਡਾ. ਲਖਵੀਰ ਸਿੰਘ ਜੀ ਨਾਮਧਾਰੀ ਅਤੇ ਭਾਈ ਗੁਰਦੀਪ ਸਿੰਘ ਜੀ ਵੱਲੋਂ ਮਿਲਕੇ ਪੂਜਯ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਮਹਾਰਾਜ ਨੂੰ ਭੇਟ ਕਰਕੇ ਪ੍ਰਸੰਨਤਾ ਪ੍ਰਾਪਤ ਕੀਤੀ ਗਈ।

ਇਸ ਸਮੇਂ ਸਾਰੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਸਤਿਗੁਰੂ ਜੀ ਨੇ ਪਿੰਡ ਕੋਠਾਗੁਰੂ ਨਿਵਾਸੀ ਨਾਮਧਾਰੀ ਸੰਗਤਾਂ ਦੇ ਘਰਾਂ ਵਿਚ ਚਰਨ ਪਾਏ। ਨੌਜਵਾਨ ਬੱਚੇ ਬੱਚੀਆਂ ਨੂੰ ਸਿੱਖੀ ਧਾਰਨ ਕਰਨ ਅਤੇ ਨਾਮ-ਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਤਰ੍ਹਾਂ 20 ਮਾਰਚ 2020 ਨੂੰ ਸਰਬੱਤ ਕੋਠਾਗੁਰੂ ਨਿਵਾਸੀ ਸੰਗਤਾਂ ਨੂੰ ਖੁਸ਼ੀਆਂ ਬਖਸ਼ਕੇ, ਨਦਰੀ-ਨਦਰਿ ਨਿਹਾਲ ਕਰਕੇ ਸਤਿਗੁਰੂ ਉਦੇ ਸਿੰਘ ਜੀ ਸਮੇਤ ਜਥੇ ਨਿੱਜ ਸਥਾਨ ਭੈਣੀ ਸਾਹਿਬ ਲਈ ਰਵਾਨਾ ਹੋ ਗਏ। ਕੋਠਾਗੁਰੂ ਨਿਵਾਸੀਆਂ ਲਈ ਇਹ ਦਿਨ ਅਭੁੱਲ ਯਾਦਗਾਰੀ ਬਣ ਗਿਆ।

**ਗਿਆਨੀ ਕੌਰ ਸਿੰਘ ਸਪੁੱਤਰ ਗਿਆਨੀ ਬਲਵੰਤਸਿੰਘ**
**99157-63437**

## ਨਾਮਧਾਰੀ ਜੋੜ ਮੇਲਾ ਮਾਈਸਰਖਾਨਾ (ਬਠਿੰਡਾ)

**ਗੁਰੂ ਸਾਹਿਬਾਨ ਨੇ ਗੁਰਬਾਣੀ ਕਿਸੇ ਇਕ ਸੰਪਰਦਾ ਵਾਸਤੇ ਨਹੀਂ ਉਚਾਰੀ- ਸ੍ਰੀ ਸਤਿਗੁਰੂ ਜੀ**

**ਸਤਿਗੁਰੂ ਰਾਮ ਸਿੰਘ ਜੀ ਨੇ ਜੰਗੇ ਆਜ਼ਾਦੀ ਦਾ ਮੁੱਢ ਬੰਨਿਆਂ- ਮਾਨਸ਼ਾਹੀਆ**

**ਸ੍ਰੀ ਸਤਿਗੁਰੂ ਜੀ ਦਾ ਬ੍ਰਾਹਮਣ ਸਭਾ ਵੱਲੋਂ ਸਨਮਾਨ**

**ਹੱਲੇ ਦੀਵਾਨ, ਕੀਰਤਨ ਅਤੇ ਵਿਦਵਾਨਾਂ ਵੱਲੋਂ ਕੂਕਾ ਸੰਗਰਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ**




ਰਾਮਪੁਰਾ ਫੂਲ: ਮਾਈਸਰਖਾਨਾਂ ਬਠਿੰਡੇ ਜਿਲੇ, ਦਾ ਪੁਰਾਤਨ ਇਤਿਹਾਸਕ ਪਿੰਡ ਹੈ। ਇਸ ਪਿੰਡ ਵਿੱਚ ਮਾਤਾ ਦਾ ਪ੍ਰਾਚੀਨ ਇਤਿਹਾਸਕ ਮੰਦਰ ਹੈ ਜੋ ਸਮੁੱਚੇ ਭਾਰਤ ਵਿਚ ਮਸ਼ਹੂਰ ਹੈ। 12 ਅਪ੍ਰੈਲ 1857 ਈ. ਨੂੰ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਅੰਦੋਲਨ ਦੀ ਨੀਂਹ ਰੱਖੀ ਤਾਂ ਪੰਜਾਬ ਵਿੱਚ ਪਿੰਡਾਂ ਦੇ ਪਿੰਡ ਲੋਕ ਨਾਮਧਾਰੀ ਸਜ ਗਏ। ਮਾਈਸਰਖਾਨੇ ਦੀ ਮਾਈ ਅਤਰੀ ਨੇ ਵੀ ਕੂਕਾ ਅੰਦਲੋਨ ਦਾ ਬਹੁਤ ਪ੍ਰਚਾਰ ਕੀਤਾ ਤੇ ਮਾਈਸਰਖਾਨਾ ਸਮੁੱਚਾ ਨਗਰ ਨਾਮਧਾਰੀ ਸਿੱਖ ਸਜ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਵਕਤ ਮਾਈਸਰਖਾਨਾਂ ਵਿਖੇ ਨਾਮਧਾਰੀ ਸਮਾਗਮ ਹੁੰਦੇ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜੂਰੀ ਵਿੱਚ 1991-92 ਈ. ਵਿੱਚ ਇਥੇ ਭਾਰੀ ਸਮਾਗਮ ਹੋਇਆ। ਸਾਨੂੰ ਰਾਮਪੁਰਾ ਫੂਲ ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨਾਂ ਨੂੰ ਰਾਮਪੁਰਾ ਫੂਲ ਦੇ ਸ਼ਹੀਦੀ ਸਮਾਗਮ ਸਮੇਂ ਲਗਭਗ ਹਰ ਵਰ੍ਹੇ, ਛਿਮਾਹੀ ਮਾਈਸਰਖਾਨੇ ਜਾਣ ਦਾ ਸੁਭਾਗ ਪ੍ਰਾਪਤ ਹੁੰਦਾ ਰਹਿੰਦਾ ਹੈ। ਮੌੜ ਤੋਂ ਸੰਤ ਹਰਦੇਵ ਸਿੰਘ ਜੀ ਆਰੇ ਵਾਲੇ (ਜਿੰਨਾਂ ਦਾ ਪੁਰਾਤਨ ਪਿੰਡ ਮਾਈਸਰਖਾਨਾ ਹੈ) ਹਮੇਸ਼ਾਂ ਸਾਡੇ ਨਾਲ ਜਾਂਦੇ ਜੋ ਬਹੁਤ ਹੀ ਨਿਮਰ, ਨਿੱਘੇ ਸੁਭਾਅ ਵਾਲੇ, ਸੰਤੋਖੀ, ਸੰਜਮੀ ਅਤੇ

ਨਿਸ਼ਕਾਮ ਸੇਵਾ ਨੂੰ ਸਮਰਪਿਤ ਪੁਰਸ਼ ਹਨ। ਜਦੋਂ ਵੀ ਅਸੀਂ ਸਾਰੇ ਜਣੇ ਸੰਤ ਹਰਦੇਵ ਸਿੰਘ ਜੀ ਨਾਲ ਘਰ-ਘਰ ਸੱਦਾ ਪੱਤਰ ਦੇਣ ਜਾਂਦੇ ਜਾਂ ਕੇਂਦਰੀ ਵਿਦਿਅਕ ਜਥੇ ਵਲੋਂ ਕੋਈ ਮੀਟਿੰਗ ਹੁੰਦੀ ਤਾਂ ਅਕਸਰ ਹੀ ਸਾਧ ਸੰਗਤ ਹਾਜ਼ਰਾ ਹਜ਼ੂਰ ਸਤਿਗੁਰੂ ਜੀ ਦੇ ਮਾਈਸਰਖਾਨੇ ਵਿੱਚ ਚਰਨ ਪੁਆਉਣ ਲਈ ਉਤਸੁਕ ਹੁੰਦੀ। ਪਾਤਸ਼ਾਹ ਜੀ ਨੇ ਮਾਈਸਰਖਾਨੇ ਦੇ ਆਪਣੇ ਸੇਵਕਾਂ ਦੀ ਦਿਲੀ ਰੂਹ ਦੀ ਮੰਗ ਆਪਣੇ ਆਪ ਪ੍ਰਵਾਨ ਕੀਤੀ। ਹੋਇਆ ਇੰਝ ਕਿ ਰਾਮਪੁਰਾ ਫੂਲ ਦੇ ਸ਼ਹੀਦੀ ਸਮਾਗਮ ਸਮੇਂ ਸੇਠ ਹਰਜਿੰਦਰ ਸਿੰਘ ਜੀ ਬਠਿੰਡਾ ਸ਼ਹਿਰ ਲਈ ਸਤਿਗੁਰੂ ਜੀ ਕੋਲ ਮੇਲੇ ਦੀ ਅਰਜ਼ ਕਰ ਰਹੇ ਸਨ। ਸੂਬਾ ਬਲਜੀਤ ਸਿੰਘ ਜੀ ਮਾਨਸਾ ਸ਼ਹਿਰ ਲਈ ਮੇਲੇ ਦੀ ਅਰਜ਼ ਕਰ ਰਹੇ ਸਨ ਤਾਂ ਪਾਤਸ਼ਾਹ ਜੀ ਨੇ ਦੋਵਾਂ ਮੇਲਿਆਂ ਦੀ ਥਾਂ ਆਪਣੇ ਮੁਖਾਰ ਬਿੰਦ ਤੋਂ ਮਾਈਸਰਖਾਨੇ ਵਿਖੇ ਮੇਲਾ ਕਰਨ ਅਤੇ ਸੇਠ ਹਰਜਿੰਦਰ ਸਿੰਘ ਅਤੇ ਸੂਬਾ ਬਲਜੀਤ ਸਿੰਘ ਨੂੰ ਉਸ ਮੇਲੇ ਦੀ ਸੇਵਾ ਬਖਸ਼ੀ।

ਮੇਲੇ ਦੀ ਤਿਆਰੀ ਲਈ ਸੰਤ ਹਰਦੇਵ ਸਿੰਘ ਜੀ ਮੌੜ ਦੇ ਸੱਦੇ ਤੇ 19 ਫਰਵਰੀ, 9 ਮਾਰਚ ਅਤੇ 15 ਮਾਰਚ ਨੂੰ ਭਰਵੀਆਂ ਇਕੱਤਰਤਾਵਾਂ ਹੋਈਆਂ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ 19 ਮਾਰਚ 2020 ਦਾ ਦਿਨ ਮੇਲੇ ਲਈ ਬਖਸ਼ਿਸ਼ ਕੀਤਾ ਸੀ।



ਮਾਈਸਰਖਾਨੇ ਦੀ ਸਮੁੱਚੀ ਸੰਗਤ ਨੇ ਨਾਮਧਾਰੀ ਜੋੜ ਮੇਲੇ ਲਈ ਕਮਰ ਕੱਸੇ ਕੱਸ ਲਏ।

19 ਮਾਰਚ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸਿੱਖੀ ਰਹਿਤ ਮਰਿਯਾਦਾ ਦੇ ਸੰਸਥਾਪਕ ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਪਹਿਲੇ ਮਰਜੀਵੜੇ ਸੂਰਬੀਰਾਂ ਨੂੰ ਸਮਰਪਿਤ ਭਾਰੀ ਜੋੜ ਮੇਲਾ ਹੋਇਆ। ਇਹ ਮੇਲਾ ਪ੍ਰਾਂਤੀਆ ਬ੍ਰਾਹਮਣ ਸਭਾ ਦੇ ਵਿਸ਼ਾਲ ਵਿਹੜੇ ਵਿੱਚ ਹੋਇਆ। ਸੂਬਾ ਬਲਜੀਤ ਸਿੰਘ ਦੀ ਦੇਖ-ਰੇਖ ਹੇਠ ਅਤੇ ਪਿੰਡ ਨਿਵਾਸੀਆਂ ਵੱਲੋਂ ਬਣੇ ਵੱਡੇ ਸ਼ੈੱਡ ਵਿਚ ਪੰਡਾਲ ਸਜਾਇਆ ਗਿਆ। ਪਿੰਡ ਮਾਈਸਰਖਾਨੇ ਦੇ ਸਰਪੰਚ ਗੁਰਾਂਦਿੱਤਾ ਸਿੰਘ ਜੋ ਬਹੁਤ ਹੀ ਨਿਮਰਤਾ ਵਾਲੇ ਸੁਘੜ ਸੱਜਣ ਹਨ (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਹੋਏ ਸੰਤ ਬਖਤੌਰ ਸਿੰਘ ਮਸਤਾਨਾ ਜੀ ਦੇ ਪੋਤਰੇ ਹਨ) ਨੇ ਕਰੋਨਾ ਵਾਇਰਸ ਦੇ ਪ੍ਰਕੋਪ ਕਾਰਨ ਪ੍ਰਸ਼ਾਸਨਿਕ ਜ਼ੁੰਮੇਵਾਰੀ ਨੂੰ ਬਾਖੂਬੀ ਸੰਭਾਲਿਆ। ਮਾਈਸਰਖਾਨੇ ਦੀ ਸਮੁੱਚੀ ਸੰਗਤ ਨੇ ਆਪਣੇ ਆਪਣੀਆਂ ਜ਼ੁੰਮੇਵਾਰੀਆਂ ਸੰਭਾਲੀਆਂ। ਸੰਤ ਹਰਜਿੰਦਰ ਸਿੰਘ ਜੀ 18 ਮਾਰਚ ਨੂੰ ਹੀ ਆਪਣੀ ਸੇਵਾ ਵਿੱਚ ਜੁੱਟ ਗਏ। ਰਾਮਪੁਰਾ ਫੂਲ ਦੀਆਂ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੀਆਂ ਬੀਬੀਆਂ ਵੱਲੋਂ ਪਾਤਸ਼ਾਹ ਜੀ ਦੀ ਪਾਲਕੀ ਨੂੰ ਫੁੱਲਾਂ ਨਾਲ ਬਹੁਤ ਹੀ ਸੁੰਦਰ ਸਜਾਇਆ ਗਿਆ।

18 ਜਨਵਰੀ ਦੀ ਰਾਤ ਨੂੰ ਜਥੇਦਾਰ ਪ੍ਰੀਤਮ ਸਿੰਘ ਸਹਿਣੇ ਵਾਲਿਆਂ ਨੇ ਪਿੰਡ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ, ਗੁਰੂ ਤੇਗ ਬਹਾਦਰ ਜੀ ਅਤੇ ਨਾਮਧਾਰੀ ਸੂਰਬੀਰਾਂ ਦੇ ਬਹੁਤ ਹੀ ਪ੍ਰਭਾਵਸ਼ਾਲੀ ਪ੍ਰਸੰਗ ਸੁਣਾਏ।

19 ਜਨਵਰੀ ਨੂੰ ਸਵੇਰੇ 5 ਵਜੇ ਸੰਤ ਗੁਰਭਗਤ ਸਿੰਘ ਅਤੇ ਨਾਮਧਾਰੀ ਵਿਦਿਅਕ ਜਥਾ ਰਾਮਪੁਰਾ ਫੂਲ ਦੇ ਨੌਜਵਾਨਾਂ ਨੇ ਆਸਾ ਦੀ ਵਾਰ ਦੇ ਕੀਰਤਨ ਨਾਲ ਮੇਲੇ ਦਾ ਸ਼ੁੱਭ ਅਰੰਭ ਕੀਤਾ।

ਜਥੇਦਾਰ ਜਸਵੰਤ ਸਿੰਘ ਸੰਤ ਨਗਰ- ਵਾਲਿਆਂ ਨੇ ਗੁਰੂ, ਸਤਿਗੁਰੂ, ਗੁਰਬਾਣੀ ਅਤੇ ਨਾਮ ਸਿਮਰਨ ਦੀ ਮਹੱਤਤਾ ਬਾਰੇ ਢੋਲਕ ਛੈਣਿਆਂ ਨਾਲ ਦੀਵਾਨ ਸਜਾਇਆ।

ਜਥੇਦਾਰ ਪ੍ਰੀਤਮ ਸਿੰਘ ਜੀ ਸਹਿਣੇ ਵਾਲਿਆਂ- ਨੇ ਕੂਕਾ ਅੰਦੋਲਨ, ਆਜ਼ਾਦੀ ਸੰਗਰਾਮ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸ਼ਹੀਦੀ ਸਾਕਿਆਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਆਵਾਜ਼ ਵਿੱਚ ਹੱਲੇ ਦਾ ਦੀਵਾਨ ਸਜਾ ਕੇ ਸੰਗਤ ਨੂੰ ਮੰਤਰ ਮੁਗਧ ਕਰ ਦਿੱਤਾ।

ਜਥੇਦਾਰ ਦਿਲਬਾਗ ਸਿੰਘ ਵਲਟੋਹੇ ਵਾਲਿਆਂ- ਦੇ ਕਵੀਸ਼ਰੀ ਜਥੇ ਨੇ ਸ਼ਹੀਦੀ ਸਾਕਾ ਅੰਮ੍ਰਿਤਸਰ ਦਾ ਪ੍ਰਸੰਗ ਬਹੁਤ ਹੀ ਪ੍ਰਭਾਵਸ਼ਾਲੀ ਆਵਾਜ਼ ਵਿੱਚ ਸੁਣਾਇਆ ਜਦੋਂ ਨਾਮਧਾਰੀ ਸਿੰਘਾਂ ਨੇ ਦੇਸ਼ ਦੀ ਆਜ਼ਾਦੀ ਲਈ ਅਤੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਫਾਂਸੀ ਦੇ ਫੰਦਿਆਂ ਨੂੰ ਚੁੰਮਿਆ। ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਆਪਣੀਆਂ ਰਚੀਆਂ ਕਾਵਿ ਵੰਨਗੀਆਂ ਨਾਲ ਮਲੇਰਕੋਟਲੇ ਦੇ ਸਾਕੇ ਨੂੰ ਵਿਸਥਾਰ ਪੂਰਵਕ ਬੁਲੰਦ ਆਵਾਜ਼ ਵਿੱਚ ਪੇਸ਼ ਕੀਤਾ। ਉਹਨਾਂ ਦੀ ਕਾਵਿ ਰਚਨਾ ਬਹੁਤ ਪ੍ਰਭਾਵਸ਼ਾਲੀ ਸੀ-

ਜੀਹਨੇ ਸੀਸ ਦੇਣਾ ਟੱਪਿਓ ਛਾਲ ਮਾਰ ਕੇ।
ਉਹ ਚੱਲੇ ਜੀਹਨੇ ਦੇਸ਼ ਉਤੋਂ ਜਿੰਦ ਵਾਰਨੀ।

ਜਥੇਦਾਰ ਕਮਾਲ ਸਿੰਘ- ਨੇ ਢੋਲਕ ਛੈਣਿਆਂ ਦੀ ਪ੍ਰੰਪਰਾਗਤ ਸ਼ੈਲੀ ਨਾਲ 'ਤੇਰੇ ਜਨ ਆਏ ਨੇ, ਪਰਉਪਕਾਰੀ ਆਏ' ਸ਼ਬਦ ਦੀ ਟੇਕ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀਆਂ ਉੱਤੇ ਹੁੰਦੇ ਅੰਗਰੇਜ਼ ਸਰਕਾਰ ਦੇ ਤਸ਼ੱਦਦਾਂ ਨੂੰ ਬਹੁਤ ਹੀ ਸੁੰਦਰ ਕਾਵਿ ਵੰਨਗੀਆਂ ਨਾਲ ਬੁਲੰਦ ਆਵਾਜ਼ ਵਿੱਚ ਸੁਣਾਇਆ। ਉਹਨਾਂ ਨਾਮਧਾਰੀ ਯੋਧੇ ਭਗਵਾਨ ਸਿੰਘ

ਅੜਬੰਗੀ ਅਤੇ ਗੇਂਦੇ ਸਿਪਾਹੀ ਦੀ ਵਾਰਤਾ ਨੂੰ ਬਾਖੂਬੀ ਪੇਸ਼ ਕੀਤਾ।

ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ- ਨੇ ਆਪਣੀ ਪ੍ਰਭਾਵਸ਼ਾਲੀ ਕਥਾ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭੇ ਆਜ਼ਾਦੀ ਸੰਘਰਸ਼ ਦੌਰਾਨ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਨਾਮਧਾਰੀ ਸੂਰਬੀਰਾਂ ਦੇ ਅਧਿਆਤਮਕ ਪੱਖ ਨੂੰ ਛੂੰਹਦਿਆਂ ਆਖਿਆ ਕਿ ਸ਼ਹੀਦਾਂ ਨੇ ਮਰਨ ਦੀ ਜਾਚ ਸਿੱਖ ਲਈ ਅਤੇ ਉਹਨਾਂ ਨੂੰ ਜਿਉਣ ਦੀ ਜਾਚ ਆ ਗਈ, ਉਹ ਸਤਿਗੁਰੂ ਰਾਮ ਸਿੰਘ ਦੇ ਨਾਮ ਬਾਣੀ ਦੇ ਰੰਗ ਵਿੱਚ ਰੰਗੇ ਗਏ। ਉਹਨਾਂ ਮਾਲਵੇ ਦੇ ਮਹਾਨ ਸ਼ਹੀਦਾਂ, ਮਹਾਨ ਗੁਰਸਿੱਖਾਂ ਦੀ ਗੱਲ ਕਰਦਿਆਂ ਮਾਈਸਰਖਾਨੇ ਦੇ ਇਤਿਹਾਸ 'ਤੇ ਵੀ ਚਾਨਣਾ ਪਾਇਆ।

ਸੂਬਾ ਬਲਵਿੰਦਰ ਸਿੰਘ- ਨੇ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਮੁਰਝਾ ਚੁੱਕੀ ਸਿੱਖੀ ਨੂੰ ਮੁੜ ਸੁਰਜੀਤ ਕਰਕੇ ਗੁਰਬਾਣੀ ਨਾਲ ਜੋੜਨ ਅਤੇ ਕੂਕਾ ਅੰਦੋਲਨ ਦੀ ਵਾਰਤਾ ਸੁਣਾਉਂਦਿਆਂ ਆਖਿਆ ਕਿ ਅੱਜ ਜੇਕਰ ਜੀਵਨ ਸੰਵਾਰਨਾ ਹੈ ਤਾਂ ਗੁਰਬਾਣੀ ਨਾਲ ਹੀ ਉਸਾਰੂ ਜੀਵਨ ਦੀ ਪ੍ਰਾਪਤੀ ਹੋ ਸਕਦੀ ਹੈ।

**ਸ. ਜਗਦੇਵ ਸਿੰਘ ਕਮਾਲੂ *M.L.A.* ਮੌੜ**- ਨੇ ਆਖਿਆ ਕਿ ਸ਼ਹੀਦ ਦੇਸ਼ ਦਾ ਸਰਮਾਇਆ ਹੁੰਦੇ ਹਨ, ਸ਼ਹੀਦ ਕਦੇ ਮਰਦੇ ਨਹੀਂ। ਉਹਨਾਂ ਨਾਮਧਾਰੀ ਸੰਸਥਾ ਨੂੰ ਇਸ ਇਲਾਕੇ ਵਿੱਚ ਮੇਲਾ ਕਰਕੇ ਲੋਕਾਂ ਨੂੰ ਉਹਨਾਂ ਦੇ ਧਰਮ, ਵਿਰਸੇ, ਗੁਰਬਾਣੀ, ਗੁਰੂ ਸਾਹਿਬ ਦੇ ਪਦ ਚਿੰਨ੍ਹਾਂ ਦੇ ਚੱਲਣ ਲਈ ਪ੍ਰੇਰਤ ਕਰਨ ਦੀ ਸਰਾਹਨਾ ਕੀਤੀ ਅਤੇ ਆਖਿਆ ਕਿ ਸਾਨੂੰ ਨਸ਼ਿਆ ਦਾ, ਬੁਰਿਆਈਆਂ ਦਾ ਤਿਆਗ ਕਰਕੇ ਸਿਮਰਨ ਅਤੇ ਸੱਚ ਨਾਲ ਜੁੜਨਾ ਚਾਹੀਦੇ।

**ਸ. ਨਾਜਰ ਸਿੰਘ ਮਾਨਸ਼ਾਹੀਆ *M.L.A.*** ਮਾਨਸਾ- ਨੇ ਆਖਿਆ ਕਿ ਅੱਜ ਸਤਿਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੀ ਟਹਿਕਦੀ ਫੁਲਵਾੜੀ ਦੇ ਫੁੱਲ ਮੌਜੂਦ ਨੇ। ਉਹਨਾਂ ਸਿੱਖ ਇਤਿਹਾਸ ਦੀ ਗੱਲ ਕਰਦਿਆਂ ਆਖਿਆ ਸਿੱਖੀ ਦਾ ਜਨਮ ਹੀ ਆਪਣੇ ਆਪ ਦਾ ਤਿਆਗ ਕਰਨ ਨਾਲ ਹੋਇਐ। ਗੁਰੂ ਅਰਜਨ ਦੇਵ, ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜਾਦਿਆਂ ਦੀ ਇਤਿਹਾਸਕ ਵਾਰਤਾ ਸੁਣਾਉਂਦਿਆਂ ਉਹਨਾਂ ਦੱਸਿਆ ਕਿ ਜਦੋਂ ਸਿੱਖ ਪੰਥ ਦਾ ਸੂਰਜ ਛਿਪ ਚੁੱਕਿਆ ਸੀ ਤਾਂ ਇਕ ਚੀਸ ਸਤਿਗੁਰੂ ਰਾਮ ਸਿੰਘ ਜੀ ਦੇ ਹਿਰਦੇ ਵਿੱਚ ਪਈ ਤਾਂ ਉਹਨਾਂ ਭਾਰਤ ਦੀ ਜੰਗੇ ਆਜ਼ਾਦੀ ਦਾ ਮੁੱਢ ਬੰਨਿਆ। ਏਨੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ, ਜਲਾਵਤਨੀਆਂ ਹੋਈਆਂ, ਸਿੱਖ ਤੋਪਾਂ ਨਾਲ ਉਡਾ ਦਿੱਤੇ ਗਏ। ਉਹਨਾਂ ਦੀਆਂ ਦਿੱਤੀਆਂ ਸ਼ਹਾਦਤਾਂ ਸਦਕਾ ਹੀ ਅੱਜ ਆਪਾਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।

ਨਾਮਧਾਰੀ ਪੰਥ ਦੇ ਮਹਾਨ ਕੋਸ਼ ਬਹੁਤ ਗੰਭੀਰ ਵਿਦਵਾਨ **ਕਾਮਰੇਡ ਸੁਵਰਨ ਸਿੰਘ ਵਿਰਕ**- ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕੂਕਾ ਅੰਦੋਲਨ ਦੀਆਂ ਗਤੀਵਿਧੀਆਂ ਵਜੋਂ ਮਾਈਸਰਖਾਨੇ ਨੂੰ ਨਾਮਧਾਰੀਆਂ ਦਾ ਮਾਲਵੇ ਦਾ ਵੱਡਾ ਕੇਂਦਰ ਦੱਸਿਆ। ਮਲੇਰ ਕੋਟਲੇ ਸਾਕੇ ਦੇ ਆਗੂ ਸ਼ਹੀਦਾਂ ਦੀ ਗੱਲ ਕਰਦਿਆਂ ਵਿਰਕ ਜੀ ਨੇ ਆਖਿਆ ਸਿੰਘਾਂ ਨੇ ਭਾਵੇਂ ਮਲੇਰ ਕੋਟਲੇ ਤੇ ਹਮਲਾ ਕੀਤਾ ਪਰ ਕੂਕੇ ਮੁਸਲਮਾਨਾਂ ਦੇ ਵਿਰੋਧੀ ਨਹੀਂ ਸਨ ਸਗੋਂ ਅੰਗਰੇਜ਼ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਸਿੰਘਾਂ ਨੇ ਅੰਗਰੇਜ਼ ਹੁਕਮਰਾਨਾਂ ਦੀਆਂ ਨੀਤੀਆਂ ਤੇ ਹਮਲਾ ਕੀਤਾ ਸੀ। ਭਾਈ ਹੀਰਾ ਸਿੰਘ ਦੇ ਨੰਗਲੇ ਦੇ ਸਾਕੇ ਸਮੇਂ ਗੁਰੂ ਸਿੱਖ ਦੇ ਅਤੇ ਗੂੜ੍ਹੇ ਰੂਹ ਦੇ ਪਿਆਰ ਨਾਲ ਆਖੀ ਵਿਧਾਤਾ ਸਿੰਘ ਤੀਰ ਦੀ ਇਸ ਕਵਿਤਾ ਨਾਲ ਸੰਗਤ ਦੀਆਂ ਅੱਖਾਂ ਨਮ ਹੋ ਗਈਆਂ-

ਤੀਰ ਇਹ ਹੈ ਪਿਆਰ ਦੀ ਉੱਚ ਝਾਕੀ,
ਲੇਸ ਇਸ ਵਿੱਚ ਦੁਨੀਆਂ ਦੇ ਰੰਗ ਦੀ ਨਹੀਂ।
ਸਿੱਖ ਅੰਨ ਤੋਂ ਬਿਨਾਂ ਜੇ ਰਹੇ ਭੁੱਖਾ,
ਬੁਰਕੀ ਸਤਿਗੁਰ ਦੇ ਮੂਹੋਂ ਵੀ ਲੰਘਦੀ ਨਹੀਂ।

ਸਰਪੰਚ ਗੁਰਾਂਦਿਤਾ ਸਿੰਘ ਮਾਈਸਰਖਾਨਾ- ਨੇ ਆਖਿਆ ਕਿ ਅੱਜ ਸਾਡੇ ਲਈ ਵੱਡੇ ਭਾਗਾਂ ਵਾਲਾ ਦਿਨ ਹੈ ਸ੍ਰੀ ਸਤਿਗੁਰੂ ਜੀ ਨੇ ਮਾਈਸਰਖਾਨੇ ਦੀ ਧਰਤੀ ਨੂੰ ਭਾਗ ਲਾਏ ਹਨ। ਮਾਲਵੇ ਦੀ ਇਹ ਉਹ ਧਰਤੀ ਹੈ ਜਿਥੋਂ ਨਾਮਧਾਰੀ ਸੂਰਬੀਰਾਂ ਨੇ ਭਾਰਤ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਅਤੇ ਅੰਗਰੇਜ਼ ਸਲਤਨਤ ਦਾ ਤਖਤਾ ਉਲਟ ਕੇ ਰੱਖ ਦਿੱਤਾ।

ਇਸ ਸਮੇਂ ਪ੍ਰਾਂਤੀਆਂ ਬਰਾਹਮਣ ਸਭਾ ਮਾਈਸਰਖਾਨਾ ਵੱਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਮਾਈਸਰਖਾਨਾ ਦੀ ਧਰਤੀ ਤੇ ਪੁੱਜਣ 'ਤੇ ਸਤਿਕਾਰ ਸਨਮਾਨ ਕੀਤਾ ਗਿਆ।

**ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਜੀ ਨੇ** ਅਖੀਰ ਵਿੱਚ ਸਾਧ ਸੰਗਤ ਦੇ ਭਲੇ ਲਈ **ਉਪਦੇਸ਼ ਦੇਂਦਿਆਂ ਫੁਰਮਾਇਆ:** ਮਾਈਸਰਖਾਨੇ ਦੀ ਇਸ ਧਰਤੀ ਦੇ ਆਲੇ ਦੁਆਲੇ ਕਿੰਨੇ ਹੀ ਸ਼ਹੀਦ ਹੋਏ ਹਨ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਚਰਨ ਪਏ ਹਨ, ਇਸ ਧਰਤੀ ਨੂੰ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ ਹੈ ਸੋ ਇਹ ਧਰਤੀ ਵੱਡੇ ਭਾਗਾਂ ਵਾਲੀ ਏ। ਤੁਸੀਂ ਸ਼ਾਇਦ ਕਿਸੇ ਨੇ ਇਹ

ਗੱਲ ਨੋਟਿਸ ਨਹੀਂ ਕੀਤੀ ਹੋਣੀ ਪਰ ਅੱਜ ਦੇ ਦਿਨਾਂ ਵਿੱਚ ਇਸ ਗੱਲ ਦੀ ਕਿੱਡੀ ਵੱਡੀ ਮਹਾਨਤਾ ਹੈ ਜਦੋਂ ਮੈਨੂੰ ਇਹ



ਸੱਜਣਾ (ਬ੍ਰਾਹਮਣ ਸਭਾ ਮਾਈਸਰਖਾਨਾ) ਇਕ ਮੰਦਰ ਦੀ ਤਸਵੀਰ ਬ੍ਰਾਹਮਣ ਸਮਾਜ ਵੱਲੋਂ ਲਿਆ ਕੇ ਦਿੱਤੀ। ਜਦੋਂ ਸਾਰਾ ਦੇਸ਼ ਇਹਨਾਂ ਗੱਲਾਂ ਪਿਛੇ ਸੜ ਰਿਹੈ, ਜਦੋਂ ਸਾਰੀ ਦੁਨੀਆਂ ਵਿੱਚ ਇਹਨਾਂ ਧਰਮਾਂ ਪਿਛੇ ਲੜਾਈ ਲੱਗੀ ਏ। ਅਸੀਂ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੇ ਸਮਝਦੇ ਹਾਂ। ਜਿੱਥੇ ਸਾਨੂੰ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਇਹਨਾਂ ਸਾਰੀਆਂ ਚੀਜਾਂ ਚੋਂ ਕੱਢ ਕੇ ਕਿੰਨੇ ਉੱਚੇ ਕਰ ਦਿੱਤਾ ਹੈ। ਗੁਰਬਾਣੀ ਪੜ੍ਹਦਿਆਂ ਪੜ੍ਹਦਿਆਂ ਮਨ ਵਿੱਚ ਬਹੁਤ ਵਾਰੀ ਆਉਂਦੈ ਕਿ ਜੇ ਤੁਸੀਂ ਗੁਰਬਾਣੀ ਦਾ ਪਾਠ ਕਰਦੇ ਹੋ, ਕੀ ਗੁਰਬਾਣੀ ਕਿਸੇ ਇਕ ਧਰਮ ਵਾਸਤੇ ਲਿਖੀ ਹੈ? ਗੁਰਬਾਣੀ ਤੇ ਜਿਹੜਾ ਵੀ ਪੜ੍ਹਦੈ ਉਹਦੇ ਵਾਸਤੇ ਕਲਿਆਣਕਾਰੀ ਹੈ। ਜੇ ਅਸੀਂ ਦੇਖੀਏ ਸਾਡੇ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਗੁਰੂ ਨਾਨਕ ਦੇਵ ਪਾਤਸ਼ਾਹ ਨੇ ਜਿਹੜੀ ਬਾਣੀ ਇਕੱਠੀ ਕੀਤੀ ਹੈ ਬਾਬਾ ਫਰੀਦ ਜੀ ਦੀ, ਸ੍ਰੀ ਕਬੀਰ ਜੀ ਦੀ, ਨਾਮਦੇਵ ਜੀ ਦੀ, ਭਗਤ ਰਵਿਦਾਸ ਜੀ ਦੀ ਬਾਣੀ ਅਰ ਸਾਰੇ ਧਰਮ ਜਿਹੜੇ ਵੀ ਉਦੋਂ ਸੀ ਉਹਨਾਂ ਦੀ ਬਾਣੀ ਸੱਚੇ ਪਾਤਸ਼ਾਹ ਨੇ ਇਕੱਠੀ ਕੀਤੀ, ਜੇ ਤੁਸੀਂ ਪੜ੍ਹੋ ਉਹਦੇ ਵਿੱਚ ਕਿਤੇ ਵੀ ਕੋਈ ਇਹ ਨਹੀਂ ਕਹਿ ਸਕਦਾ ਕਿ ਇਹ ਕਿਸੇ ਇਕ ਸੰਪਰਦਾ ਵਾਸਤੇ ਉਚਾਰੀ ਹੈ। ਉਹ ਬਾਣੀ ਸਭ ਵਾਸਤੇ ਕਲਿਆਣ ਕਾਰੀ ਹੈ। ਮੈਂ ਬਹੁਤ ਘਰਾਂ ਵਿੱਚ ਜਾਂਦਾ ਹਾਂ, ਸਾਡੇ ਬੱਚੇ ਐਮ.ਏ, ਪੀ.ਐਚ.ਡੀ, ਕਰ ਜਾਣਗੇ, ਕੋਈ ਆਈ.ਏ.ਐਸ, ਕੋਈ ਆਈ.ਪੀ.ਐਸ ਬਣ ਜਾਏਗਾ ਪਰ ਬਹੁਤ ਸਾਰੇ ਬੱਚਿਆਂ ਨੂੰ ਗੁਰਬਾਣੀ ਪੜ੍ਹਨੀ ਵੀ ਨਹੀਂ ਆਉਂਦੀ। ਜੋ ਸਿੱਖੀ ਵਿਚੋਂ ਸਿਖਿਆ ਮਿਲਦੀ ਹੈ, ਸਭ ਤੋਂ ਪਹਿਲਾਂ ਅਸੀਂ ਗੁਰਬਾਣੀ ਦਾ ਪਾਠ ਕਰੀਏ। ਆਪਣੇ ਬੱਚਿਆਂ ਨੂੰ ਗੁਰਬਾਣੀ ਦੇ ਨਾਲ ਜੋੜੀਏ। ਇੱਕ ਇੱਥੋਂ ਮਾਈਸਰਖਾਨਾ ਦੇ ਸਹਿਜਧਾਰੀ ਸਿੱਖ ਹੋਏ ਨੇ, ਬਾਅਦ ਵਿੱਚ ਤਾਂ ਉਹ ਕੇਸਾਧਾਰੀ ਹੋ ਗਏ ਉਹਨਾਂ ਦਾ ਨਾਮ ਲੈਣ ਨੂੰ ਵੀ ਦਿਲ ਕਰਦੈ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਤੋਂ ਉਹਨਾਂ ਨੇ ਬਹੁਤ ਪਿਆਰ ਲਿਆ, ਭਾਈ ਬੀਰ ਚੰਦ ਜੀ ਤੇ ਭਾਈ ਬੁੱਧ ਰਾਮ ਜੀ। ਉਹਨਾਂ ਦੇ ਬਜੁਰਗਾਂ ਦਾ ਨਾਮ ਤਾਂ ਮੈਨੂੰ ਯਾਦ ਨਹੀਂ ਪਰ ਉਹ ਤਨਜਾਨੀਆਂ ਗਏ ਸੱਚੇ ਪਾਤਸ਼ਾਹ ਜੀ ਅਕਸਰ ਉਹਨਾਂ ਦਾ ਜਿਕਰ ਕਰਦੇ ਹੁੰਦੇ ਸੀ ਕਿ ਉਹ ਅੱਠ-ਅੱਠ ਘੰਟੇ ਨਾਮ ਸਿਮਰਨ ਕਰਦੇ ਹੁੰਦੇ ਸੀ ਔਰ ਉਹਨਾਂ ਨੇ ਬਹੁਤ ਪਿਆਰ ਪਾਇਐ ਸੱਚੇ ਪਾਤਸ਼ਾਹ ਤੋਂ, ਬੜੇ ਚੰਗੇ ਸਿੱਖ ਹੋਏ। ਆਪਾਂ ਜਿੰਨਾਂ ਵੀ ਕਰ ਸਕਦੇ ਹਾਂ ਇਹ ਮੇਲੇ ਕਰਾਉਣ ਦਾ ਤੇ ਇਕੱਠੇ ਹੋਣ ਦਾ ਫਾਇਦਾ ਤਾਂ ਹੀ ਹੈ ਕਿ ਆਪਾਂ ਗੁਰਬਾਣੀ ਨਾਲ ਅਤੇ ਨਾਮ ਸਿਮਰਨ ਨਾਲ ਜੁੜੀਏ।"

ਇਸ ਅਮਿੱਟ ਛਾਪ ਛੱਡ ਗਏ ਨਾਮਧਾਰੀ ਜੋੜ ਮੇਲੇ ਵਿੱਚ ਸੰਤ ਜਸਵੰਤ ਸਿੰਘ ਹਿੰਮਤਪੁਰਾ, ਸੰਤ ਕੌਰ ਸਿੰਘ ਕੋਟ ਧਰਮੂ, ਸੂਬਾ ਇੰਦਰਜੀਤ ਸਿੰਘ, ਸੂਬਾ ਬਲਵੀਰ ਸਿੰਘ, ਸੰਤ



**ਮਾਈਸਰਖਾਨੇ ਮੇਲੇ ਵਿਖੇ ਇਤਿਹਾਸਿਕ ਚਿੱਤਰ ਪ੍ਰਦਰਸ਼ਨੀ।**

ਗੁਰਮੇਲ ਸਿੰਘ, ਸੰਤ ਮੇਜਰ ਸਿੰਘ ਰਾਮਪੁਰਾਫੂਲ ਅਤੇ ਸੰਤ ਰਣਜੀਤ ਸਿੰਘ ਮੰਨਣ ਦਾ ਯੋਗਦਾਨ ਵੀ ਵਰਨਣ ਯੋਗ ਹੈ। ਸ੍ਰੀ ਸਤਿਗੁਰੂ ਜੀ ਨੇ ਮਾਈਸਰਖਾਨਾ ਦੇ 28 ਘਰਾਂ ਵਿੱਚ ਭਾਈ ਬਖਤੌਰ ਵਿਖੇ ਦੋ ਅਤੇ ਮੌੜ ਵਿਖੇ ਸੰਤ ਹਰਦੇਵ ਸਿੰਘ ਜੀ ਦੇ ਗ੍ਰਹਿ ਵਿਖੇ ਚਰਨ ਪਾ ਕੇ ਆਪਣੇ ਪਿਆਰੇ ਸਿੱਖਾਂ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰ ਦਿੱਤੀਆਂ।

**ਡਾ. ਲਖਵੀਰ ਸਿੰਘ ਰਾਮਪੁਰਾ ਫੂਲ (ਬਠਿੰਡਾ)**
**98768-50680**





## ਪਿੰਡ ਬੀੜ ਗੁਰੂ ਕਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

### ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਯਾਦਗਾਰੀ ਗੇਟ ਦਾ ਉਦਘਾਟਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਸੂਬਾ ਮਾਈ ਹੁਕਮੀ ਜੀ ਦੇ ਰਾਹੀਂ ਨਾਭਾ ਰਿਆਸਤ ਦੇ ਰਾਜਾ ਰਿਪੁਦਨ ਸਿੰਘ ਦੇ ਪੁੱਤਰ ਟਿੱਕਾ ਪ੍ਰਤਾਪ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ ਚਰਨ ਭੇਟ ਕੀਤੀ ਜ਼ਮੀਨ ਉੱਪਰ ਵਸਾਇਆ ਇਤਿਹਾਸਕ ਨਗਰ 'ਬੀੜ ਗੁਰੂ ਕਾ' (ਜ਼ਿਲਾ ਫਤਿਹਗੜ੍ਹ ਸਾਹਿਬ) ਨਾਮਧਾਰੀ ਪੰਥ ਵਿੱਚ ਵਿਸ਼ੇਸ਼ ਥਾਂ ਰੱਖਦਾ ਹੈ। ਸ੍ਰੀ ਸਤਿਗੁਰੂ ਜੀ ਨੇ ਇਸ ਨਗਰ ਦੀ ਸਾਰੀ ਜ਼ਮੀਨ ਲੋੜਵੰਦ ਪਰਿਵਾਰਾਂ ਵਿੱਚ ਵੰਡ ਕੇ ਸਭ ਸੰਗਤ ਨੂੰ ਸੰਸਾਰਕ ਸੁੱਖਾਂ ਅਤੇ ਅਪਾਰ ਬਖਸ਼ਿਸ਼ਾਂ ਨਾਲ ਨਿਵਾਜਿਆ।

ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਵੀਹ ਪਰਿਵਾਰ ਪਿੰਡ ਟਮਕੌਂਡੀ ਤੋਂ ਇਥੇ ਆ ਕੇ ਵੱਸੇ ਹੋਏ ਹਨ। ਇਹਨਾਂ ਸਾਰੇ ਪਰਿਵਾਰਾਂ ਨੇ ਮਿਲਕੇ ਬਹੁਤ ਸੁੰਦਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਯਾਦਗਾਰੀ ਗੇਟ ਤਿਆਰ ਕੀਤਾ। ਸਮੂਹ ਸੇਵਕਾਂ ਦੀ ਅਰਜ਼ ਪ੍ਰਵਾਨ ਕਰਦੇ ਹੋਏ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 21 ਮਾਰਚ ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਬੀੜ ਗੁਰੂ ਕਾ ਵਿਖੇ ਦਰਸ਼ਨ ਦਿੱਤੇ ਅਤੇ ਆਪਣੇ ਕਰ ਕਮਲਾਂ ਨਾਲ ਗੇਟ ਦਾ ਉਦਘਾਟਨ ਕਰਕੇ ਸਮੂਹ ਸੰਗਤਾਂ ਨੂੰ ਖੁਸ਼ੀਆਂ ਬਖਸ਼ੀਆਂ।

ਇਸ ਸਮੇਂ ਸਭ ਸੰਗਤ ਨੂੰ ਗੁਰ ਮਰਿਯਾਦਾ ਦੇ ਧਾਰਨੀ ਬਣਨ, ਸ੍ਰੀ ਸਤਿਗੁਰੂ ਜੀ ਦੇ ਕੀਤੇ ਉਪਕਾਰਾਂ ਨੂੰ ਯਾਦ ਰੱਖਣ ਤੇ ਸਮਾਜ ਸੇਵਾ ਕਰਨ ਦਾ ਉਪਦੇਸ਼ ਦਿੱਤਾ।

**ਮਾਸਟਰ ਜਗਮੋਹਨ ਸਿੰਘ ਟਮਕੌਂਡੀ**


ਨਾਮਧਾਰੀ ਪੰਥ ਦੇ ਮਹਾਨ ਪਰਚਾਰਕ ਜਿਨਾਂ ਹਜ਼ਾਰਾਂ ਸਰੀਰਾਂ ਨੂੰ ਮਾਸ-ਸ਼ਰਾਬ ਛੁਡਵਾ ਕੇ ਗੁਰਮੰਤ੍ਰ ਦੇ ਕੇ ਸਤਿਗੁਰੂ ਚਰਨਾਂ ਨਾਲ ਜੋੜਿਆ। ਕਰੀਬ ਤਿੰਨ ਦਹਾਕਿਆਂ ਤੋਂ ਸਤਿਜੁਗ ਪਰਚੇ ਦੀ ਨਿਸ਼ਕਾਮ ਸੇਵਾ ਕਰ ਰਹੇ ਸੂਬਾ ਨਿਰੰਜਨ ਸਿੰਘ ਜੀ ਟਮਕੌਦੀ ਵੱਲੋਂ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਤੇ ਕਾਵਿਕ ਅਰਦਾਸ-



# ਅਰਦਾਸ

ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ
ਪਾਵਨ ਚਰਨਾਂ ਵਿੱਚ ਸਦਾ ਨਿਵਾਸ ਹੋਵੇ।
ਅਸੀਂ ਵਿੱਚ ਉਜਾੜ ਦੇ ਕਿਤੇ ਫਿਰੀਏ
ਹਰ ਦਮ ਦਿਲ ਸਾਡਾ ਤੇਰੇ ਪਾਸ ਹੋਵੇ।
ਰਹਿਤ ਬਹਿਤ ਵਿੱਚ ਹੋਵੀਏ ਸਿੱਖ ਪੂਰੇ
ਪੂਰਾ ਬਾਣੀ ਦੇ ਨਾਲ ਅਭਿਆਸ ਹੋਵੇ।
ਚਕਵੀ ਚਕਵੇ ਦੇ ਵਾਂਗ ਪ੍ਰੀਤ ਸਾਡੀ
ਸੁਫਨੇ ਵਿੱਚ ਨਾ ਕਦੇ ਜੁਦਾਈ ਹੋਵੇ।
ਕਰੋ ਮਿਹਰ ਤੇ ਤਾਰ ਦਿਉ ਪਾਪੀਆਂ ਨੂੰ
ਬਖਸ਼ਣ ਹਾਰ ਦੀ ਕ੍ਰਿਪਾ ਅਪਾਰ ਹੋਵੇ।
ਤੇਰੇ ਚਰਨਾਂ ਦਾ ਸਦਾ ਰਹਾਂ ਦਾਸ ਬਣਿਆਂ
ਸਦਾ "ਸੂਬੇ" ਦੀ ਇਹ ਅਰਦਾਸ ਹੋਵੇ॥

ਸੰਪਰਕ: 90542-00027




## ਹੇ ਬੇਅੰਤ ਅਨੰਤ ਗੁਰੂ

ਹੇ ਬੇਅੰਤ ਅਨੰਤ ਗੁਰੂ, ਸੁਰਾਂ'ਚ ਤੇਰਾ ਵਾਸ ਹੈ।
ਸੰਗੀਤ ਦਾ ਸਰਵਰ ਹੈਂ ਤੂੰ ਚਾਤ੍ਰਿਕ ਦੀ ਪਿਆਸ ਹੈਂ।

ਗੂੰਜਦਾ ਬ੍ਰਹਿਮੰਡ'ਚ ਸਾਰੇ ਰਾਗ ਨਾਦ ਹੈ ਤੇਰਾ।
ਪਪੀਹੇ ਦੀ ਪੀ ਹੂ ਪੀ ਹੂ, ਵਜਦਾ ਸਾਜ ਹੈ ਤੇਰਾ।

ਝਰਨਾ ਝਰ ਝਰ ਵਗਦਾ ਜਿਵੇਂ ਛੰਦ ਤੇਰੇ ਗਾ ਰਿਹਾ।
ਗੀਤ ਜੋ ਸੁਣਦਾ ਫਿਜ਼ਾ'ਚ ਤੂੰ ਹੀ ਗੁਣ ਗੁਣਾ ਰਿਹਾ।

ਚਹਿਕਣਾਂ ਚਿੜੀਆਂ ਦਾ ਵੀ ਤਰਬਕਾਰੀ ਖਾਸ ਹੈ।
ਸਰ ਸਰਾਉਂਦੀ ਹਵਾ ਕਹੇ ਸਦਾ ਤੂੰ ਆਸ ਪਾਸ ਹੈਂ।

ਹਰਪਾਲ ਸਿੰਘ ਸੋਧੀ

# ਸਤਿਗੁਰੂ ਜਗਜੀਤ ਸਿੰਘ ਦੀ ਪ੍ਰਕਾਸ਼ ਸ਼ਤਾਬਦੀ ਤੇ

## ਸ. ਗੁਰਭਜਨ ਸਿੰਘ ਗਿੱਲ ਵੱਲੋ ਕਾਵਿ-ਸ਼ਰਧਾਂਜਲੀ

### ਨਿਰਮਲ ਨੀਰ

ਉਹ ਸੀ ਇੱਕ ਦਰਿਆ।
ਨਿਰਮਲ ਨੀਰ ਸਦੀ ਭਰ ਵਗਿਆ,
ਕੰਢਿਆਂ ਤੱਕ ਭਰਿਆ।

ਦੋਧੇ ਚਿੱਟੇ ਵਸਤਰਧਾਰਾ।
ਸੁਰ ਤੇ ਸ਼ਬਦ ਸੰਵਾਰਨਹਾਰਾ।
ਤਪੀ ਤਪੀਸਰ ਅਪਰਮਪਾਰਾ,
ਰੂਹ ਦੇ ਕਸ਼ਟ ਨਿਵਾਰਨਹਾਰਾ।
ਜਿਸ ਦੀ ਕਰਮ ਦ੍ਰਿਸ਼ਟੀ ਸਦਕਾ,
ਕਣ-ਕਣ ਸੁਰ ਭਰਿਆ।
ਉਹ ਸੀ ਇੱਕ ਦਰਿਆ।

ਮੋਰ ਮਟਕਦੇ ਆਉਂਦੇ ਕੋਲ।
ਤਲੀਓਂ ਚੋਗਾ ਚੁਗਣ ਅਬੋਲ।
ਰੂਹ ਅੰਦਰ ਵਿਸਮਾਦ ਅਤੋਲ।
ਸੁਣਦੇ ਬਹਿ ਕੇ ਬਚਨ ਅਮੋਲ।
ਪੈਲਾਂ ਪਾਉਣ ਵਜਦ ਵਿੱਚ ਆ ਕੇ,
ਨੈਣੀਂ ਜਲ ਭਰਿਆ।
ਉਹ ਸੀ ਇੱਕ ਦਰਿਆ।

ਖੇਡ ਮੈਦਾਨੇ ਦੇ ਦਿਲਬਰੀਆਂ।
ਮਿਹਰਵੰਤ ਨੇ ਮਿਹਰਾਂ ਕਰੀਆਂ।
ਨਾਲ ਮੈਡਲਾਂ ਝੋਲੀਆਂ ਭਰੀਆਂ।
ਖ਼ੁਸ਼ਕ ਉਮੀਦਾਂ ਹੋਈਆਂ ਹਰੀਆਂ।
ਸ਼ੁਭਕਰਮਨ ਦਾ ਪੰਥ ਦਿਸੇਰਾ,
ਕਦੇ ਵੀ ਨਾ ਟਰਿਆ।
ਉਹ ਸੀ ਇੱਕ ਦਰਿਆ।

ਗਊਸ਼ਾਲਾ ਵਿੱਚ ਆਪ ਗੋਪਾਲਾ।
ਨਾਮ ਪੁਕਾਰ ਧੀਆਂ ਪੁੱਤ ਵਾਲਾ।
ਕੰਡ ਤੇ ਥਾਪੜਾ ਬਾਬਲ ਵਾਲਾ।
ਵੰਡਿਆ ਸਭ ਨੂੰ ਪਿਆਰ
ਪਿਆਲਾ।



ਕਥਨੀ ਤੋਂ ਵੀ ਬਹੁਤ ਅਗੇਰੇ,
ਵਾਹ ਓ ਸਰਵਰਿਆ।
ਉਹ ਸੀ ਇੱਕ ਦਰਿਆ।

ਸ਼ਬਦ ਸਾਧਕਾਂ ਦਾ ਦੁੱਖਹੰਤਾ।
ਸੁਰ ਦਾ ਭੇਤੀ, ਖ਼ੁਦ ਸੁਰਵੰਤਾ।
ਸਿਮਰਨ ਸੇਵਾ ਜਾਪ ਜਪੰਤਾ।
ਰਸਨਾ ਤੋਂ ਰੱਜ ਕੇ ਰਸਵੰਤਾ।
ਰਾਮ , ਹਰੀ, ਪਰਤਾਪੀ ਸੂਰਜ,
ਉਦੈ ਹੋਣ ਤੋਂ ਅਸਤਣ ਤੀਕਰ,
ਚਾਨਣ ਹੀ ਝਰਿਆ।
ਉਹ ਸੀ ਇੱਕ ਦਰਿਆ।

ਹਿੰਮਤ ਨਾਲ ਹਨ੍ਹੇਰੇ ਪੂੰਝੇ।
ਰਾਗ ਨਾਦ ਸੰਗ ਦੁਰਮਤਿ ਹੂੰਝੇ।
ਸਾਜ਼ ਆਵਾਜ਼ ਜਦੋਂ ਵੀ ਗੂੰਜੇ।
ਅਨਹਦ ਨਾਦ ਸੁਣੇ ਹਰ ਖੂੰਜੇ।
ਕਲਾ ਦ੍ਰਿਸ਼ਟੀਵੇਤਾ ਰਾਹਬਰ,
ਜਿਸ ਥਾਂ ਹੱਥ ਧਰਿਆ।
ਉਹ ਸੀ ਇੱਕ ਦਰਿਆ।

ਭੁੱਲਦੀ ਨਾ ਮੈਨੂੰ ਛੋਹ ਵਿਸਮਾਦੀ।
ਪਿਆਰ ਪਿਆਲਾ ਆਦਿ
ਜੁਗਾਦੀ।
ਪੀਤਾ ਰੱਜ ਰੱਜ ਨੂਰ ਸਵਾਦੀ।
ਦਰਸ ਪਿਆਸੇ ਹੋ ਗਏ ਆਦੀ।
ਸ਼ਬਦਾਂ ਦੀ ਅੰਜੁਲੀ ਹੈ ਭੇਟਾ,
ਮੈਥੋਂ ਜੋ ਸਰਿਆ।
ਉਹ ਸੀ ਇੱਕ ਦਰਿਆ।
ਨਿਰਮਲ ਨੀਰ ਸਦੀ ਭਰ ਵਗਿਆ,
ਕੰਢਿਆਂ ਤੱਕ ਭਰਿਆ।

ਸੰਪਰਕ: 98726 31199